Fair Advice Financial | Carle Wealth Management Inc.
RDSP (Registered Disability Savings Plan)
Disabled person who is eligible for Disability Tax Credit.
And who is 49 years old or younger.
By contributing in an RDSP Plan he/she may be eligible to receive up to $90,000 in government bonds & grants.
Contact :
647-951-7900
SUKHWINDER NAHAL CFP, CLU Financial Planner
www.fairadvicefinancial.com
7900 Hurontario St., Suite 308, Brampton, ON, L6Y 0P6



ਕੈਨੇਡੀਅਨ
# ਪੰਜਾਬੀ ਪੋਸਟ
Award winning news paper | Canadian Punjabi Post



MORTGAGE ALLIANCE
Get Pre-Qualified in Minutes*
Mortgagealliance.com/ParminderMangat
Parminder Mangat
Mortgage Agent | Lic#10530
647-285-9119
pmangat@mortgagealliance.com
20 Maritime Blvd. Unit #11, Brampton, L6S0C2



Vol 18 * Issue 26
Daily Newspaper Thursday, February 07, 2019 Tel: 905-793-2202 Fax: 905-793-2282 news@punjabipost.ca


# ਲਿਬਰਲ ਐਮਪੀ ਸਕੌਟ ਬ੍ਰਿਸਨ ਨੇ ਅਸਤੀਫਾ ਦੇਣ ਦਾ ਕੀਤਾ ਐਲਾਨ

## ਇਹ ਅਸਤੀਫਾ 10 ਫਰਵਰੀ ਤੋਂ ਹੋਵੇਗਾ ਪ੍ਰਭਾਵੀ



ਓਟਵਾ, 6 ਫਰਵਰੀ (ਪੋਸਟ ਬਿਊਰੋ) : ਲੰਮੇਂ ਸਮੇਂ ਤੋਂ ਲਿਬਰਲ ਐਮਪੀ ਤੇ ਸਾਬਕਾ ਕੈਬਨਿਟ ਮੰਤਰੀ ਸਕੌਟ ਬ੍ਰਿਸਨ ਨੇ ਐਲਾਨ ਕੀਤਾ ਹੈ ਕਿ ਉਹ ਆਪਣੀ ਸੀਟ ਤੋਂ ਅਸਤੀਫਾ ਦੇ ਰਹੇ ਹਨ ਜੋ ਕਿ 10 ਫਰਵਰੀ ਤੋਂ ਪ੍ਰਭਾਵੀ ਹੋਵੇਗਾ।

ਬੁੱਧਵਾਰ ਨੂੰ ਬ੍ਰਿਸਨ ਨੇ ਪਹਿਲੀ ਵਾਰੀ ਚੁਣੇ ਜਾਣ ਤੋਂ 22 ਸਾਲ ਬਾਅਦ ਹਾਊਸ ਆਫ ਕਾਮਨਜ਼ ਵਿੱਚ ਆਪਣਾ ਆਖਰੀ ਭਾਸ਼ਣ ਦਿੱਤਾ। ਆਪਣੇ ਭਾਸ਼ਣ ਵਿੱਚ ਉਨ੍ਹਾਂ ਲੋਕਾਂ ਦੀ ਜ਼ਿੰਦਗੀ ਉੱਤੇ ਪੈਣ ਵਾਲੇ ਪਾਰਲੀਆਮੈਂਟ ਦੇ ਪ੍ਰਭਾਵ ਤੇ ਇਸ ਦੀ ਅਹਿਮੀਅਤ ਬਾਰੇ ਦੱਸਿਆ। ਇਸ ਦੇ ਨਾਲ ਹੀ ਉਨ੍ਹਾਂ ਸਰਕਾਰ ਵਿੱਚ ਰਹਿੰਦਿਆਂ ਤੇ ਵਿਰੋਧੀ ਧਿਰ ਵਜੋਂ ਆਪਣੇ ਤਜਰਬੇ ਸਾਂਝੇ ਕੀਤੇ।

ਪਿਛਲੇ ਮਹੀਨੇ ਬ੍ਰਿਸਨ ਨੇ ਐਲਾਨ ਕੀਤਾ ਸੀ ਕਿ ਉਹ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਦੇ ਮੰਤਰੀ ਮੰਡਲ ਤੋਂ ਅਸਤੀਫਾ ਦੇਣ ਵਾਲੇ ਹਨ ਕਿਉਂਕਿ ਇਸ ਸਾਲ ਦੇ ਅੰਤ ਵਿੱਚ ਹੋਣ ਵਾਲੀਆਂ ਚੋਣਾਂ ਵਿੱਚ ਉਹ ਦੁਬਾਰਾ ਖੜ੍ਹਾ ਨਹੀਂ ਹੋਣਾ ਚਾਹੁੰਦੇ। ਖਜ਼ਾਨਾ ਬੋਰਡ ਦੇ ਪ੍ਰੈਜ਼ੀਡੈਂਟ ਵਜੋਂ ਬ੍ਰਿਸਨ ਦੇ ਜਾਣ ਤੋਂ ਬਾਅਦ ਪ੍ਰਧਾਨ ਮੰਤਰੀ ਨੂੰ ਮੰਤਰੀਮੰਡਲ ਵਿੱਚ ਫੇਰਬਦਲ ਵੀ ਕਰਨਾ ਪਿਆ।

ਉਸ ਸਮੇਂ ਇਹ ਸਪਸ਼ਟ ਨਹੀਂ ਸੀ ਕਿ ਬ੍ਰਿਸਨ ਕਿੰਗ-ਹੈਂਟਸ, ਨੋਵਾ ਸਕੋਸ਼ੀਆ ਹਲਕੇ ਤੋਂ ਇਸ ਕਾਰਜਕਾਲ ਦੇ ਮੁਕੰਮਲ ਹੋਣ ਤੱਕ ਐਮਪੀ ਬਣੇ ਰਹਿਣਗੇ ਜਾਂ ਪਹਿਲਾਂ ਹੀ ਅਸਤੀਫਾ ਦੇਣਗੇ। ਉਨ੍ਹਾਂ ਦੀ ਖਾਲੀ ਹੋਣ ਵਾਲੀ ਸੀਟ ਉੱਤੇ ਜ਼ਿਮਨੀ ਚੋਣ ਨਹੀਂ ਕਰਵਾਈ ਜਾਵੇਗੀ। ਇਹ ਸੀਟ ਅਕਤੂਬਰ ਵਿੱਚ ਹੋਣ ਜਾ ਰਹੀਆਂ ਫੈਡਰਲ ਚੋਣਾਂ ਤੱਕ ਖਾਲੀ ਰਹੇਗੀ।

# ਐਨਡੀਪੀ ਦੇ ਸਾਬਕਾ ਐਮਪੀ ਪਾਲ ਡੇਵਰ ਨਹੀਂ ਰਹੇ



ਓਟਵਾ, 6 ਫਰਵਰੀ (ਪੋਸਟ ਬਿਊਰੋ) : ਐਨਡੀਪੀ ਦੇ ਸਾਬਕਾ ਵਿਦੇਸ਼ੀ ਮਾਮਲਿਆਂ ਬਾਰੇ ਕ੍ਰਿਟਿਕ ਤੇ ਓਟਵਾ ਤੋਂ ਅਧਿਆਪਕ ਤੇ ਯੂਨੀਅਨ ਆਗੂ ਪਾਲ ਡੇਵਰ ਦੀ ਇੱਕ ਸਾਲ ਤੱਕ ਬ੍ਰੇਨ ਕੈਂਸਰ ਨਾਲ ਜੂਝਨ ਤੋਂ ਬਾਅਦ ਬੁੱਧਵਾਰ ਨੂੰ ਮੌਤ ਹੋ ਗਈ।

ਬਚਪਨ ਵਿੱਚ ਡਿਸਲੈਕਸੀਆ ਨਾਲ ਸੰਘਰਸ਼ ਕਰਨ, ਸਿਆਸਤ ਵਿੱਚ ਕਦਮ ਧਰਦਿਆਂ ਹੀ ਐੱਡ ਬ੍ਰੌਡਬੈਂਟ ਤੋਂ ਬੁਰੀ ਤਰ੍ਹਾਂ ਹਾਰਨ, 2015 ਵਿੱਚ ਲਿਬਰਲਾਂ ਦੀ ਚੜ੍ਹਾਈ ਦੌਰਾਨ ਆਪਣੀ ਹਾਊਸ ਆਫ ਕਾਮਨਜ਼ ਦੀ ਸੀਟ ਨਾ ਬਚਾਅ ਸਕਣ ਤੋਂ ਬਾਅਦ ਗੰਭੀਰ ਰੂਪ ਵਿੱਚ ਬਿਮਾਰ ਪੈਣ ਵਾਲੇ 56 ਸਾਲਾ ਪਾਲ ਡੇਵਰ ਦਾ ਰੌਂਅ ਸਕਾਰਾਤਮਕ ਸੀ ਤੇ ਉਨ੍ਹਾਂ ਦਾ ਰਵੱਈਆ ਕਾਫੀ ਆਸ ਭਰਪੂਰ ਸੀ। ਉਨ੍ਹਾਂ ਨੂੰ ਪੂਰੀ ਆਸ ਸੀ ਕਿ ਇਸ ਸੰਸਾਰ ਨੂੰ ਰਹਿਣ ਲਈ ਬਿਹਤਰ ਥਾਂ ਬਣਾਇਆ ਜਾ ਸਕਦਾ ਹੈ।

ਡੇਵਰ ਦੀ ਮੌਤ ਤੋਂ ਬਾਅਦ ਉਨ੍ਹਾਂ ਦੇ ਫੇਸਬੁੱਕ ਪੇਜ ਉੱਤੇ ਪੋਸਟ ਕੀਤੇ ਗਏ ਉਨ੍ਹਾਂ ਦੇ ਆਖਰੀ ਸੁਨੇਹੇ ਵਿੱਚ ਲਿਖਿਆ ਹੈ ਕਿ ਅਸਲ ਤਬਦੀਲੀ ਉਦੋਂ ਆ ਸਕਦੀ ਹੈ ਜਦੋਂ ਸੱਤਾ ਨੌਜਵਾਨਾਂ ਹੱਥ ਸੌਂਪੀ ਜਾਵੇ। ਉਨ੍ਹਾਂ ਇਹ ਵੀ ਲਿਖਿਆ ਹੈ ਕਿ ਯੂਥ ਐਕਸ਼ਨ ਸਿਰਜਣ ਲਈ ਜਿੰਨੀ ਵੀ ਊਰਜਾ ਉਨ੍ਹਾਂ ਵਿੱਚ ਇਸ ਸਾਲ ਬਚੀ ਸੀ ਉਨ੍ਹਾਂ ਉਹ ਲਾ ਦਿੱਤੀ ਹੈ। ਅਸਲੀ ਫਰਕ ਲਿਆਉਣ ਲਈ ਸਾਡੀ ਕਮਿਊਨਿਟੀ ਦੇ ਨੌਜਵਾਨਾਂ ਹੱਥ ਸੱਤਾ ਸੌਂਪਣੀ ਹੋਵੇਗੀ। ਉਨ੍ਹਾਂ ਆਸ ਪ੍ਰਗਟਾਈ ਕਿ ਇਸ ਪ੍ਰੌਜੈਕਟ ਦਾ ਹਿੱਸਾ ਬਣ ਕੇ ਸਭਨਾ ਨੂੰ ਖੁਸ਼ੀ ਹੋਵੇਗੀ ਤੇ ਉਨ੍ਹਾਂ ਦਾ ਕੰਮ ਜਾਰੀ ਰਹਿ ਸਕੇਗਾ।

ਡੇਵਰ ਦੇ ਪਰਿਵਾਰ ਵਿੱਚ ਉਨ੍ਹਾਂ ਦੀ ਪਤਨੀ ਜੂਲੀਆ ਸਨੇਅਡ ਤੇ ਉਨ੍ਹਾਂ ਦੇ ਦੋ ਲੜਕੇ ਨਥਾਨੀਅਲ ਤੇ ਜੌਰਡਨ ਰਹਿ ਗਏ ਹਨ। ਐਨਡੀਪੀ ਵੱਲੋਂ ਜਾਰੀ ਬਿਆਨ ਵਿੱਚ ਦੱਸਿਆ ਗਿਆ ਕਿ ਜਦੋਂ ਘਰ ਵਿੱਚ ਉਨ੍ਹਾਂ ਦੀ ਮੌਤ ਹੋਈ ਤਾਂ ਉਨ੍ਹਾਂ ਦਾ ਪਰਿਵਾਰ ਉਨ੍ਹਾਂ ਦੇ ਕੋਲ ਹੀ ਸੀ।

# ਕਿਊਬਾ ਵਿੱਚ ਤਾਇਨਾਤ ਰਹੇ ਕੈਨੇਡੀਅਨ ਡਿਪਲੋਮੈਟਸ ਫੈਡਰਲ ਸਰਕਾਰ ’ਤੇ ਠੋਕ ਰਹੇ ਹਨ ਮੁਕੱਦਮਾ



ਓਟਵਾ, 6 ਫਰਵਰੀ (ਪੋਸਟ ਬਿਊਰੋ) : ਕੈਨੇਡੀਅਨ ਡਿਪਲੋਮੈਟਸ, ਜਿਹੜੇ ਹਵਾਨਾ ਵਿੱਚ ਤਾਇਨਾਤ ਸਨ, ਵੱਲੋਂ ਫੈਡਰਲ ਸਰਕਾਰ ਉੱਤੇ 28 ਮਿਲੀਅਨ ਡਾਲਰ ਦਾ ਮੁਕੱਦਮਾ ਠੋਕਿਆ ਜਾ ਰਿਹਾ ਹੈ। ਇਹ ਕੇਸ ਕਿਊਬਾ ਵਿੱਚ ਰਹਿੰਦਿਆਂ ਇਨ੍ਹਾਂ ਡਿਪਲੋਮੈਟਸ ਨੂੰ ਦਰਪੇਸ਼ ਆਏ ਸਿਹਤ ਸਬੰਧੀ ਮੁੱਦੇ ਨੂੰ ਲੈ ਕੇ ਕੀਤਾ ਜਾ ਰਿਹਾ ਹੈ।

ਸਰਕਾਰ ਖਿਲਾਫ ਕੇਸ ਕਰਨ ਵਾਲਿਆਂ ਵਿੱਚ ਡਿਪਲੋਮੈਟਿਕ ਸਟਾਫ ਦੇ ਮੈਂਬਰ, ਉਨ੍ਹਾਂ ਦੇ ਸਪਾਊਸਿਜ਼ ਤੇ ਬੱਚੇ ਮਿਲਾ ਕੇ ਕੁੱਲ 14 ਲੋਕ ਸ਼ਾਮਲ ਹਨ। ਇਨ੍ਹਾਂ ਡਿਪਲੋਮੈਟਸ ਨੇ 2016 ਤੇ 2018 ਦਰਮਿਆਨ ਕਿਊਬਾ ਵਿੱਚ ਸੇਵਾ ਨਿਭਾਈ।

ਫੈਡਰਲ ਅਦਾਲਤ ਵਿੱਚ ਦਰਜ ਆਪਣੇ ਬਿਆਨ ਵਿੱਚ ਇਸ ਗਰੁੱਪ, ਜਿਨ੍ਹਾਂ ਨੇ ਆਪਣੇ ਨਾਂ ਗੁਪਤ ਰੱਖੇ ਹਨ, ਨੇ ਦੋਸ਼ ਲਾਇਆ ਕਿ ਪਿਛਲੇ ਕੁੱਝ ਸਾਲਾਂ ਵਿੱਚ ਇਨ੍ਹਾਂ ਡਿਪਲੋਮੈਟਿਕ ਪਰਿਵਾਰਾਂ ਨੂੰ ਨਿਸ਼ਾਨਾ ਬਣਾਇਆ ਗਿਆ ਤੇ ਉਨ੍ਹਾਂ ਨੂੰ ਜ਼ਖ਼ਮੀ ਵੀ ਕੀਤਾ ਗਿਆ। ਇਸ ਤੋਂ ਇਲਾਵਾ ਉਨ੍ਹਾਂ ਨੂੰ ਸਰੀਰਕ ਤੇ ਮਾਨਸਿਕ ਤੌਰ ਉੱਤੇ ਵੀ ਨੁਕਸਾਨ ਪਹੁੰਚਿਆ।

ਇਨ੍ਹਾਂ ਡਿਪਲੋਮੈਟਿਕ ਪਰਿਵਾਰਾਂ ਨੇ ਗੰਭੀਰ ਰੂਪ ਵਿੱਚ ਬਿਮਾਰ ਪੈਣ, ਸਿਰ ਚਕਰਾਉਣ, ਬੌਂਦਲ ਜਾਣ, ਸਿਰ ਦਰਦ ਤੇ ਨੱਕ ਵਿੱਚੋਂ ਖੂਨ ਆਉਣ ਵਰਗੇ ਲੱਛਣਾਂ ਤੋਂ ਪ੍ਰਭਾਵਿਤ ਹੋਣ ਬਾਰੇ ਵੀ ਦੱਸਿਆ। ਇਸ ਬਿਮਾਰੀ ਨੂੰ ਹਵਾਨਾ ਸਿੰਡਰੋਮ ਦਾ ਨਾਂ ਵੀ ਦਿੱਤਾ ਗਿਆ। ਇਹ ਸਪਸ਼ਟ ਨਹੀਂ ਹੋ ਸਕਿਆ ਹੈ ਕਿ ਇਸ ਤਰ੍ਹਾਂ ਦੇ ਲੱਛਣ ਇਨ੍ਹਾਂ ਡਿਪਲੋਮੈਟਸ ਤੇ ਉਨ੍ਹਾਂ ਦੇ ਪਰਿਵਾਰਾਂ ਨੂੰ ਕਿਉਂ ਸਹਿਣੇ ਪਏ। ਅਮਰੀਕੀ ਡਿਪਲੋਮੈਟਸ ਨੇ ਵੀ ਅਜਿਹੇ ਹੀ ਲੱਛਣਾਂ ਦੀ ਸ਼ਿਕਾਇਤ ਕੀਤੀ ਸੀ ਤੇ ਅਮਰੀਕੀ ਸਰਕਾਰ ਇਸ ਮਾਮਲੇ ਦੀ ਜਾਂਚ ਵੀ ਕਰ ਰਹੀ ਹੈ।

ਗਰੁੱਪ ਨੇ ਦੋਸ਼ ਲਾਇਆ ਕਿ ਕੈਨੇਡੀਅਨ ਸਰਕਾਰ ਨੇ ਹਾਲਾਤ ਨਾਲ ਸਹੀ ਢੰਗ ਨਾਲ ਨਹੀਂ ਨਜਿੱਠਿਆ ਅਤੇ ਇਨ੍ਹਾਂ ਕੈਨੇਡੀਅਨ ਡਿਪਲੋਮੈਟਸ ਤੇ ਉਨ੍ਹਾਂ ਦੇ ਪਰਿਵਾਰਾਂ ਨੂੰ ਖਤਰੇ ਵਿੱਚ ਪਾਇਆ। ਵਾਸ਼ਿੰਗਟਨ ਤੋਂ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਵਿਦੇਸ਼ ਮੰਤਰੀ ਕ੍ਰਿਸਟੀਆ ਫਰੀਲੈਂਡ ਨੇ ਆਖਿਆ ਕਿ ਉਹ ਇਸ ਕੇਸ ਤੋਂ ਜਾਣੂ ਹੈ ਪਰ ਉਨ੍ਹਾਂ ਕੋਈ ਹੋਰ ਟਿੱਪਣੀ ਕਰਨ ਤੋਂ ਇਨਕਾਰ ਕਰ ਦਿੱਤਾ।


Best Insurance Rates
Auto - Home - Business
Dir: 647-400-2949
ਕਾਰ ਅਤੇ ਘਰ ਦੀ ਇੰਸ਼ੋਰੈਂਸ ਲਈ ਘੱਟ ਰੇਟ
Discounts upto 35% on Auto & Home
Amanpreet S. Batth R.I.B.O
Address: 1550 South Gateway Rd. Suite 220 Mississauga, ON L4W 5G6

JOSHI LAW OFFICE
Barrister, Solicitor & Notary Public
info@joshilawoffice.com | joshilawoffice.com
Immigration
Real Estate / Commercial Law
Affidavit / Power of Attorney
6921 Steels Ave. W. Unit 11, Etobicoke, ON
Rakesh M. Joshi B.A., LL.B
416-213-8600

INSURANCE
Home - Auto
Business - Trucking
R.E.S.P - Commercial
647-206-2452
Sukhwinder K Singh
CONNEX
7050A Bramalea Rd, Unit # 13, Mississauga, ON L5S 1T1

AUTO & HOME INSURANCE
Super visa Insurance
Life & Disability
Critical illness
RESP
Visitor & Travel insurance
All Care Insurance Inc.
(416-845-1352) Manwinder Mangat Broker
Aaxel InsuranceBrokers Ltd.
1332 Khalsa Dr, Unit # 11, Mississauga, ON L5S 0A2

ਕੀ ਤੁਸੀ ਕਾਕਰੋਚ, ਚੂੱਹੇ, ਕਿੜੇ-ਮੁਕੌੜਿਆਂ ਤੋ ਪਰੇਸ਼ਾਨ ਹੋ ਤੇ ਬੈਡ ਬੱਗਾਂ ਨੇ ਤੁਹਾਡੀ ਰਾਤਾਂ ਦੀ ਨਿੰਦ ਖਰਾਬ ਕੀਤੀ ਹੋਈ ਹੈ?
ਟਰੀਟਮੈਂਟ ਕਰਵਾਈ ਸੀ ਪਰ ਬਣੀ ਨੀ ਗੱਲ? ਤਾਂ ਘਬਰਾਓ ਨਾ ਟਰਾਂਟੋ ਪੈਸਟ ਅਰੈਸਟ ਵਾਲੇ ਕਰਨਗੇ ਪੱਕਾ ਹਲ !
Toronto Pest Arrest
Pest Control Services
Residential /Commercial/Industrial
ਕਾਲ ਕਰੋ: 647-515-8000
ਘੱਟ ਕੀਮਤ ਦੀ ਨਹੀ, ਪਰ ਸਿੱਕੇ ਬੰਦ ਕੰਮ ਦੀ ਗਰੰਟੀ ਹੈ
*Insured & Licensed

HELPING YOUR PLAN TODAY......FOR TOMORROW
- Supervisa / Visitor Insurance
- Life /Mortgage/Funeral Insurance
- Disability Insurance
- Critical Illness Insurance
- RESP /RRSP
JATINDERBIR S BAJWA Insurance Broker
Dir: 647-928-4990 www.ufsinsurance.com
# 25-831 Bovarid Dr. W. Brampton,ON,L6X0T9

Law Office of Aman Sharma
- Real Estate - Commercial Lease
- Business Purchase & Sale
- Notarizations & Affidavits
- Wills & Power Of Attorney
Fax: 905-913-2344 Tel: 905-913-2355
Aman Sharma
Open Saturday
4515 Ebenezer Rd, Suite 211, Brampton, Ontario L6P2K7
Providing excellent quality legal services to our clients

GOEL TRAVEL
Low Rates
Best Service
ਸਸਤੀਆਂ ਹਵਾਈ ਟਿਕਟਾਂ ਅਤੇ ਵਧੀਆ ਸਰਵਿਸ ਲਈ ਇੱਕ ਵਾਰੀ ਕਾਲ ਜਰੂਰ ਕਰੋ
ਗੋਇਲ ਟਰੈਵਲ
Tico # 50021780
905.796.7500
900 Raylawson Blvd. Unit # 6, Brampton

MANN LAW FIRM
- Real Estate Law
- Business Law
- Wills & Estates
- Family Law
- Power of Attorney
- Civil Litigation
- Affidavits Notarization / Declaration
Maninder S. Mann B.A. (Hons.), LLB
BARRISTER SOLICITOR NOTARY
Address: 2130 North Park Dr. Suite 246 Brampton, ON L6S 0C9
T: 905 799 9333
www.mannlawfirm.ca

Canada Consumer Credit Assistance ਕਰਜ਼ਾ ਰਹਿਤ ਜ਼ਿੰਦਗੀ ਜੀਓ
- ਪਾਵਰ ਆਫ ਸੇਲ ਨੋਟਿਸ ?
- ਗਾਰਨਿਸ਼ਮੈਂਟ?
- ਬੈਂਕ ਵਲੋਂ ਪੈਸੇ ਦੀ ਮੰਗ ?
- ਰੈਵਨਿਊ ਕੈਨੇਡਾ ਵਲੋਂ ਟੈਕਸ ਦੀ ਮੰਗ ?
ਕੁਲੈਕਸ਼ਨ ਕਾਲਾਂ, ਬੈਂਕ ਕਰਪਸੀ ਅਤੇ ਕਰਜ਼ੇ ਤੋਂ ਪੱਕਾ ਛੁਟਕਾਰਾ ਪਾ ਕੇ ਆਪਣਾ ਕਰੈਡਿਟ ਦੁਬਾਰਾ ਬਨਾਉਣ ਲਈ
ਹੁਣੇ ਹੀ ਕਾਲ ਕਰੋ
75% ਤੱਕ ਆਪਣਾ ਕਰਜ਼ਾ ਮਾਫ ਕਰਾਓ,
ਬਹੁਤ ਆਸਾਨ ਕਿਸ਼ਤਾਂ ਬਿਨਾ ਵਿਆਜ ਤੋਂ
ਕਰਜ਼ੇ ਦੀ ਸਿਰਦਰਦੀ ?
ਮੁਫਤ ਅਤੇ ਗੁਪਤ ਸਲਾਹ ਲਈ ਅੱਜ ਹੀ ਜਸਬੀਰ ਹੁੰਦਲ ਨੂੰ ਕਾਲ ਕਰੋ
Late Evening and Weekends Appointments Available
1888 864 3131
Jasbir Singh Hundal
Qualified Credit Counsellor
www.MakeMeDebtFree.ca
416-502-3100
Unit #20 - 7015 Tranmere Drive Mississauga, ON L5S 1T7

- SUPER VISA INSURANCE
- VISITOR VISA INSURANCE
- TRAVEL INSURANCE
- STUDENT INSURANCE
- NEW IMMIGRANT 90 DAYS MED. INSURANCE
Punjab Insurance Inc
www.punjabinsurance.ca
Sherjang Singh Rana
416-910-9000
rana@punjabinsurance.ca
10-7003 Steeles Ave West, Etobicoke, ON M9W 0A2
Harpreet Rana
416-871-3571
harpreetrana@punjabinsurance.ca

Mortgage! We Will Beat Any Rate !!!
*Each Mortgage Center Office is Independently Owned & Operated
Purchase || Refinance || Major Banks /Credit Unions || Private Lenders || Second Mortgages-Lowest 6.99 %
The Mortgage Centre
Cell: 416-841-4218 Tel: 905-216-5563
Avon Financial Inc.
Brokerage Lic. 12538
Harpreet Singh Goraya
Principal Broker (Lic # M12000607)
831 Bovaird Dr. West, Unit 25, Brampton, ON L6X 0T9 Fax : 905-216-0392

Royal Pest Control
Residential Commercial Industrial
Specialist in Bedbugs Service
All Pest Control :
- Mouse & Rats
- Spiders & Fleas
- Bedbugs
- Wasps
- Cockroaches
- Carpenter Ants
- Silver Fish
- Racoons
Call : PARESH PATEL
416 938 4598

KELLEY LAW OFFICE
Immigration
Real Estate
Family Law
Business Closing
Corporate
Wills & Estate
Power of Attorney/Affidavit /Attestations
www.kelleylawoffice.ca | info@kelleylawoffice.ca
ਇੱਥੇ ਹਰ ਤਰ੍ਹਾਂ ਦੇ ਇਮੀਗਰੇਸ਼ਨ, ਰੀਅਲ ਅਸਟੇਟ, ਬਿਜਨਸ ਲਾਅ, ਕੋਰਪੋਰੇਟ, ਫੈਮਲੀ ਲਾਅ, ਵਸੀਅਤਨਾਮੇ, ਪਾਵਰ ਆਫ ਅਟੋਰਨੀ, ਰਾਹਦਾਰੀ ਅਤੇ ਹੋਰ ਕਾਨੂੰਨੀ ਸਲਾਹ ਮਸ਼ਵਰੇ ਲਈ ਫੋਨ ਕਰੋ!
1200 Derry Road E, #15, Mississauga, ON L5T 0B3
Shinder Kelley
Barrister, Solicitor & Notary Public
905-362-0755

HSBA TAX SERVICES
ਟੈਕਸ ਕਿਵੇਂ ਤੇ ਕਿਥੇ ਬਚਾਉਣਾ ਹੈ?
*Corporation's Registration – Federal $240, Ontario $380*
- Initial Business Setup and Consultation
- Personal & Corporation
- Accounting & Bookkeeping Services
- Tax Planning
- HST, WSIB & Payroll Taxes
- CRA Appeals, Audits & Notice of Objection
- Cash Flow, Forecasts & Project Reports
- Registered Education Saving Plans (RESPs)
Prabhjot Kaur Sr. Accountant, M.B.A
Email:info@hsbatax.com
Tel: 647-720-5278
20%Discount For Students, New Immigrants and Senior Citizens
100 Maritime Ontario Blvd., Unit 77, Brampton, ON L6S 0E7

ਕੀ ਤੁਸੀ ਕਿੜੇ-ਮੁਕੌੜਿਆਂ ਤੋ ਪਰੇਸ਼ਾਨ ਹੋਂ?
MICE, COCKROACH, BEDBUG & ALL COMMON BUGS
All Pest Control
AFFORDABLE & RELIABLE
100% Customer Satisfaction
KSG Pest Control Inc.
Residential, Commercial
www.ksgpestcontrol.ca
ksgpestcontrol@gmail.com
Amarjeet Singh Gill
Certified & Licenced Exterminator
647.990.3205

INSURANCE
Punjab Insurance Inc
Life / Disability / Critical Illness
Super Visa / Visitor / Travel /
RRSP / RESP /
SHEVINDER SIDHU
Insurance Advisor
416-557-8080
shevindersidhu@gmail.com
10-7003 Steeles Ave. West, Etobicoke

PROTECT YOUR HOME FROM PESTS
Pest Control
Low Rates/Excellent Pest Control Services
100% Success rate for bed bug Treatment
Free Home Inspection Call Today
Ranjit Sidhu
Certified & Licenced Exterminator
BED BUG MATTRESS COVER ALSO AVAILABLE
A-Z Pest Control
Cell: 647.668.3944 | Office: 905.455.0648
info@atozpestcontroltoronto.com | www.atozpestcontroltoronto.com

CN Forklift Training Center
Counterbalance All Types
Walkie pallet Low Lift
Electric Motor Narrow Aisle Reach
Cherry Order Picker
Licensе $69 Toll Free: 1 855 230 0001
7033 Telford Way, Unit #4, Mississauga, ON L5S 1V4
When You Need Re certified License & Training First Call to us
Cell: 416 726 6206 Tel: 905 405 0001
NC Dhawan
Certified Instructor

ARISTO PEST CONTROL
RESIDENTIAL COMMERCIAL INDUSTRIAL
Expert in Bedbug & Cockroach Removal
100% removal of all pests written Guarantee
Protect yourself & your family from the Pests
Ants, Bees, Bed Bugs,
Beetles, Racoons,Cockroaches,
Centipedes, Flea, Hornets,Squirrel,
Rats & Mice, Silverfish, Spiders
Sanket (Govt Licensed Exterminator)
647-339-3926
UNMARKED VEHICLE AVAILABLE
Email: aristopest@gmail.com
www.aristopestcontrol.com

# AZ DRIVERS JOB FAIR

## SEEKING DRIVERS FOR RUNS TO U.S

Hourly Pay 100%; We are currently hiring AZ drivers for runs to US; Our drivers are the heart of our company; Come in to check out our facility, see our trucks and meet Our Team!

{ AZ ਡਰਾਈਵਰਾਂ ਦੀ ਲੋੜ ਹੈ, ਤਨਖਾਹ ਹਰ ਹਫ਼ਤੇ, ਨਵੇਂ ਬਰੈਂਡ ਨਿਊ ਟੱਰਕ, ਸ਼ਨਿੱਚਰਵਾਰ ਤੇ ਐਂਤਵਾਰ ਨੂੰ ਘਰੇ। }

**Location**: Comfort Inn, 1500 Matheson Blvd, Mississauga
**Date**: Thursday, February 7th from 11 am to 7 pm

- Hourly Rates
- Direct deposit weekly
- New Automatic trucks 2017-2018
- Long term employment
- Regular customers & Regular routes.
- Home every week
- Open door policy
- Dedicated manager to help fix any issues

Bring your resume, abstract and CVOR. Cant make it to job fair?
Give us a call today at 416.742.2345 ext.4496 or email us at amanda.mangal@xtl.com

XTL TRANSPORT LOGISTICS DISTRIBUTION

XTL is an equal opportunity employer that embraces diversity in the workplace and equivalently considers applications from qualified women, men, visible minorities, aboriginal people and persons with disabilities. At XTL you will find the place that suits you!



NU WAY TOUR & TRAVELS INC.

ਸਸਤੀਆਂ ਹਵਾਈ ਟਿਕਟਾ ਅਤੇ ਭਰੋਸੇਯੋਗ ਸੇਵਾਵਾਂ ਲੈਣ ਲਈ ਨਿਊ-ਵੇ ਨੂੰ ਕਾਲ ਕਰੋ

AIR TICKETS | CRUISES | VACATIONS | TRAVEL INSURANCE

International & Domestic Air Tickets
- Cheapest Air Fares
- Price Match Guaranteed
- 24/7 Emergency Services
- Reliable & Excellent Customer Service
- 100% Customer Satisfaction

AIR CANADA · PIA · ETIHAD · KLM · Emirates · SWISS · BRITISH AIRWAYS · JET AIRWAYS

Travel Worry Free With Insurance
- Super Visa Insurance
- Visitor to Canada
- Trip Cancellation
- Trip Interruption

Manulife



Signature.ca · WestJet vacations · transat · sunwing · AIR CANADA VACATIONS · tico.ca · IATA

Call Us For Guaranteed Lowest Airfare ANY Airline Time Destination Around the World

7015 Tranmere Dr. Unit- 8, Mississauga, ON L5S 1T7
Tel: 905 362 0937 | Fax: 1 855 897 0900
www.nuwaytravels.com E-mail- info@nuwaytravels.com



ਮੂੰਹੋ ਬੋਲਦੀ Kitchen and Washroom ਬਣਵਾਓ

**Pearson Kitchen & Cabinet**

Free Estimate
We Specialize in granite, quartz & marble countertops

100% Satisfaction On Time





We Specialize In:
- Kitchen Cabinets, Pantries & Floor tiles
- All Types of Range Hoods (etc.Heavy Duty, Noiseless)
- Installation of Washroom Vanities, Showers and bathroom tiles
- Many Counter-top options to choose from (Granite, Marble, Quartz; etc.)
- Custom Office Counters & Bar Installation
- We install all kinds of tiles and hardwood floor

ਵਾਜਿਬ ਦਾਮ ਤੇ ਸਮੇਂ ਸਿਰ ਕੰਮ

Call **Vikramjit Sangha: 416-200-0931**

Special Discount for Contractors | Buy Direct From The Factory

271 - Glidden Rd. Unit#5, Brampton (Kennedy&Glidden)



chatr MOBILE

NEW

NATION-WIDE TALK, TEXT & DATA PLANS FROM $35/MO.

NO OVERAGE CHARGES, NO TERM CONTRACTS, NO CREDIT CHECKS

LET'S GET GOING. CHATRMOBILE.COM

VISIT OUR LOCATIONS TODAY!

379 Main St. North, Brampton, ON    2456 Lake Shore Blvd W., Etobicoke, ON

chatr AUTHORIZED DEALER

Taxes extra. Offer subject to change without notice. Get up to 1GB of data on the Talk, Text and Data Plan. Once you reach your 3G speed data allotment, your data speed will be reduced until your next anniversary date. ™ Trademarks used under license ©2018

## ਅੱਜ ਨਾਮਾ

ਪਾਰਟੀ ਚਾਰਜ ਪ੍ਰਿਅੰਕਾ ਸੀ ਲਿਆ ਏਧਰ,
ਪੁੱਛਗਿੱਛ ਪਤੀ ਦੀ ਅੱਜ ਹੀ ਹੋਈ ਭਾਈ।
ਭ੍ਰਿਸ਼ਟਾਚਾਰ ਦਾ ਵੱਡਾ ਕੁਝ ਕੇਸ ਲੱਗਦਾ,
ਜੀਹਦੀ ਅੱਗੇ ਸੀ ਮਿਸਲ ਲੁਕੋਈ ਭਾਈ।
ਸੱਦਿਆ ਜਾਂਚ ਏਜੰਸੀ ਤਾਂ ਪੁੱਜਿਆ ਉਹ,
ਸਾਰਾ ਦਿਨ ਰਹੀ ਹੁੰਦੀ ਬਦਖੋਈ ਭਾਈ।
ਸੱਚਾ ਕੋਈ ਨਹੀਂ ਮੁੰਡੇ ਨੂੰ ਕਹਿਣ ਵਾਲਾ,
ਧੋਣਾ ਜਾਣਾ ਨਹੀਂ ਕਦੀ ਵੀ ਧੋਈ ਭਾਈ।
ਓਦਾਂ ਢੰਗ ਜਿਹਾ ਕਈਆਂ ਏਜੰਸੀਆਂ ਦਾ,
ਕਰ ਗਿਆ ਵਫਾ ਦੀ ਬੜੀ ਕਮਾਲ ਭਾਈ।
ਰਾਜਨੀਤੀ ਨੂੰ ਜਿੱਧਰ ਕੋਈ ਲੋੜ ਲੱਗਦੀ,
ਮੱਛੀਆਂ ਫੜਨ ਨੂੰ ਸੁੱਟ ਰਹੇ ਜਾਲ ਭਾਈ।

ਤੀਸ ਮਾਰ ਖਾਂ

# ਸੁਖਬੀਰ ਬਾਦਲ ਵਿਧਾਨ ਸਭਾ ਦੀ ਵਿਸ਼ੇਸ਼ ਅਧਿਕਾਰ ਕਮੇਟੀ ਅੱਗੇ ਪੇਸ਼ ਨਹੀਂ ਹੋਏ

*** ਕਮੇਟੀ ਨੇ ਦੋਬਾਰਾ 11 ਫਰਵਰੀ ਨੂੰ ਤਲਬ ਕਰ ਲਿਆ**

ਚੰਡੀਗੜ੍ਹ, 6 ਫਰਵਰੀ, (ਪੋਸਟ ਬਿਊਰੋ)- ਪੰਜਾਬ ਵਿਧਾਨ ਸਭਾ ਦੇ ਸਪੀਕਰ ਰਾਣਾ ਕੇ ਪੀ ਸਿੰਘ ਦੇ ਖਿਲਾਫ਼ ਮੰਦੇ ਸ਼ਬਦ ਬੋਲਣ ਅਤੇ ਹਾਊਸ ਵਿਚ ਝੂਠੀ ਤੇ ਬੇਬੁਨਿਆਦ ਬਿਆਨਬਾਜ਼ੀ ਦੇ ਦੋਸ਼ਾਂ ਦਾ ਸਾਹਮਣਾ ਕਰ ਰਹੇ ਅਕਾਲੀ ਦਲ ਦੇ ਪ੍ਰਧਾਨ ਤੇ ਹਲਕਾ ਜਲਾਲਾਬਾਦ ਦੇ ਵਿਧਾਇਕ ਸੁਖਬੀਰ ਸਿੰਘ ਬਾਦਲ ਨੂੰ ਵਿਸ਼ੇਸ਼ ਅਧਿਕਾਰ ਕਮੇਟੀ ਨੇ ਪੇਸ਼ ਹੋਣ ਲਈ ਕਿਹਾ ਸੀ, ਪਰ ਉਹ ਅੱਜ ਪੇਸ਼ ਨਹੀਂ ਹੋਏ। ਕਮੇਟੀ ਨੇ 11 ਫਰਵਰੀ ਨੂੰ ਪੇਸ਼ ਹੋਣ ਲਈ ਮੁੜ ਕੇ ਕਿਹਾ ਹੈ।



ਦੱਸਿਆ ਜਾਂਦਾ ਹੈ ਕਿ ਇਸ ਸੰਬੰਧ ਵਿੱਚ ਸੁਖਬੀਰ ਸਿੰਘ ਬਾਦਲ ਦੇ ਖਿਲਾਫ ਇੱਕ ਸ਼ਿਕਾਇਤ ਦੀ ਪੜਤਾਲ ਇਸ ਹਾਊਸ ਦੀ ਵਿਸ਼ੇਸ਼ ਅਧਿਕਾਰ ਕਮੇਟੀ ਵੱਲੋਂ ਕੀਤੀ ਜਾ ਰਹੀ ਹੈ, ਜਿਸ ਦੇ ਸਾਹਮਣੇ ਅੱਜ ਬੁੱਧਵਾਰ ਨੂੰ ਪੇਸ਼ ਹੋਣ ਦੇ ਲਈ ਸੁਖਬੀਰ ਸਿੰਘ ਬਾਦਲ ਨੂੰ ਨੋਟਿਸ ਭੇਜਿਆ ਗਿਆ ਸੀ, ਪਰ ਉਹ ਅੱਜ ਇਸ ਦੇ ਅੱਗੇ ਪੇਸ਼ ਨਹੀਂ ਹੋਏ। ਇਸ ਦੇ ਬਾਅਦ ਕਮੇਟੀ ਨੇ 12 ਫਰਵਰੀ ਨੂੰ ਸ਼ੁਰੂ ਹੋਣ ਵਾਲੇ ਬਜਟ ਇਜਲਾਸ ਤੋਂ ਇਕ ਦਿਨ ਪਹਿਲਾਂ ਪੇਸ਼ ਹੋਣ ਵਾਸਤੇ ਸੁਖਬੀਰ ਸਿੰਘ ਬਾਦਲ ਨੂੰ ਫਿਰ ਤਲਬ ਕਰ ਲਿਆ ਹੈ। ਇਸ ਵਿਸ਼ੇਸ਼ ਅਧਿਕਾਰ ਕਮੇਟੀ ਦੇ ਮੈਂਬਰ ਤੇ ਅਕਾਲੀ ਦਲ ਦੇ ਵਿਧਾਇਕ ਪਵਨ ਕੁਮਾਰ ਟੀਨੂੰ ਨੇ ਕਿਹਾ ਕਿ ਸੁਖਬੀਰ ਸਿੰਘ ਬਾਦਲ ਨੂੰ ਹਾਲੇ ਤੱਕ ਸੰਮਨ ਨਹੀਂ ਮਿਲਿਆ। ਉਨ੍ਹਾਂ ਕਿਹਾ ਕਿ ਸੁਖਬੀਰ ਸਿੰਘ ਬਾਦਲ ਨੇ ਕੋਈ ਗਲਤ ਟਿਪਣੀ ਨਹੀਂ ਸੀ ਕੀਤੀ, ਇਹ ਸਿਰਫ਼ ਉਨ੍ਹਾਂ ਨੂੰ ਬਦਨਾਮ ਕਰਨ ਦੀ ਇਕ ਸਾਜਿਸ਼ ਹੈ।

# ਬੀਰ ਦਵਿੰਦਰ ਸਿੰਘ ਵੱਲੋਂ ਅਨੰਦਪੁਰ ਸਾਹਿਬ ਤੋਂ ਚੋਣ ਲੜਨ ਦੀ ਚਰਚਾ ਸ਼ੁਰੂ

*** ਅਕਾਲੀ ਆਗੂ ਚੰਦੂਮਾਜਰਾ ਲਈ ਮੁਸ਼ਕਿਲ ਖੜੀ ਹੋਣ ਲੱਗੀ**

ਸ੍ਰੀ ਅਨੰਦਪੁਰ ਸਾਹਿਬ, 6 ਫਰਵਰੀ, (ਪੋਸਟ ਬਿਊਰੋ)- ਲੋਕ ਸਭਾ ਚੋਣਾਂ ਦਾ ਸਮਾਂ ਨੇੜੇ ਆਉਂਦੇ ਸਾਰ ਹੋਰ ਹਲਕਿਆਂ ਦੇ ਵਾਂਗ ਸ੍ਰੀ ਅਨੰਦਪੁਰ ਸਾਹਿਬ ਹਲਕੇ ਦੇ ਹਾਲਾਤ ਵੀ ਤੇਜ਼ੀ ਨਾਲ ਬਦਲਣ ਲੱਗੇ ਹਨ। ਅਕਾਲੀ-ਭਾਜਪਾ ਗਠਜੋੜ ਵੱਲੋਂ ਮੌਜੂਦਾ ਪਾਰਲੀਮੈਂਟ ਮੈਂਬਰ ਅਤੇ ਅਗਲੇ ਸੰਭਾਵਤ ਉਮੀਦਵਾਰ ਪ੍ਰੋ: ਪ੍ਰੇਮ ਸਿੰਘ ਚੰਦੂਮਾਜਰਾ ਵਲੋਂ ਰੁੱਸਿਆਂ ਨੂੰ ਮਨਾਉਣ ਦੀ ਮੁਹਿੰਮ ਚੱਲ ਰਹੀ ਹੈ, ਪਰ ਇਸ ਮੌਕੇ ਅਕਾਲੀ ਦਲ ਟਕਸਾਲੀ ਵਿਚ ਸ਼ਾਮਲ ਹੋਏ ਸਾਬਕਾ ਡਿਪਟੀ ਸਪੀਕਰ ਬੀਰ ਦਵਿੰਦਰ ਸਿੰਘ ਵੱਲੋਂ ਵੀ ਏਸੇ ਹਲਕੇ ਤੋਂ ਚੋਣ ਲੜਨ ਦੀ ਚਰਚਾ ਸ਼ੁਰੂ ਹੋਣ ਨੇ ਲੋਕਾਂ ਵਿੱਚ ਉਤਸੁਕਤਾ ਜਗਾ ਦਿੱਤੀ ਹੈ। ਪਤਾ ਲੱਗਾ ਹੈ ਕਿ ਟਕਸਾਲੀ ਅਕਾਲੀ ਦਲ ਅਤੇ ਬਹੁਜਨ ਸਮਾਜ ਪਾਰਟੀ ਦੇ ਸਮਝੌਤੇ ਵਿੱਚ ਅਨੰਦਪੁਰ ਸਾਹਿਬ ਸੀਟ ਟਕਸਾਲੀ ਅਕਾਲੀ ਦਲ ਦੇ ਹਿੱਸੇ ਪਈ ਹੈ ਅਤੇ ਏਥੋਂ ਬੀਰ ਦਵਿੰਦਰ ਸਿੰਘ ਨੂੰ ਖੜਾ ਕੀਤਾ ਜਾਣਾ ਹੈ। ਬੀਰ ਦਵਿੰਦਰ ਸਿੰਘ ਪੰਜਾਬ ਦੀ ਜਾਣੀ ਪਛਾਣੀ ਸ਼ਖਸ਼ੀਅਤ ਹੋਣ ਦੇ ਨਾਲ ਵਿਦਵਤਾ ਵੱਲੋਂ ਤਿੱਖੇ ਤੇ ਜ਼ੋਰਦਾਰ ਬੁਲਾਰੇ ਹਨ। ਜੇ ਉਹ ਏਥੋਂ ਚੋਣ ਲੜੇ ਤਾਂ ਅਕਾਲੀ-ਭਾਜਪਾ ਉਮੀਦਵਾਰ ਪ੍ਰੋ: ਪ੍ਰੇਮ ਸਿੰਘ ਚੰਦੂਮਾਜਰਾ ਨੂੰ ਮੁਸ਼ਕਲ ਹੋਵੇਗੀ। ਬਹੁਜਨ ਸਮਾਜ ਪਾਰਟੀ ਦੀ ਵੱਡੀ ਵੋਟ ਤਾਂ ਬੀਰ ਦਵਿੰਦਰ ਸਿੰਘ ਨਾਲ ਜੁੜੇਗੀ ਹੀ, ਟਕਸਾਲੀ ਅਕਾਲੀਆਂ ਅਤੇ ਬਾਦਲ ਵਿਰੋਧੀ ਵੋਟ ਦਾ ਵੱਡਾ ਹਿੱਸਾ ਵੀ ਉਨ੍ਹਾਂ ਨੂੰ ਮਿਲੇਗਾ ਅਤੇ ਕਿਹਾ ਜਾਂਦਾ ਹੈ ਕਿ ਇਸ ਇਲਾਕੇ ਦੇ ਉਘੇ ਸਿੱਖ ਵਿਦਵਾਨਾਂ ਦਾ ਸਮੱਰਥਨ ਵੀ ਬੀਰਦਵਿੰਦਰ ਸਿੰਘ ਨੂੰ ਮਿਲੇਗਾ, ਜਿਸ ਦੇ ਲਈ ਗੁਪਤ ਮੀਟਿੰਗਾਂ ਕੀਤੀਆਂ ਵੀ ਜਾਣ ਲੱਗ ਪਈਆਂ ਹਨ।

COLUMBUS TRUCK WASH
Open 7 Days
A/Z Drivers Needed
For Local Work (Busy All 7 Days a Week)
6771 COLUMBUS RD, UNIT #12
MISSISSAUGA ON (Near Dixie Gurughar)
905-672-1635

REXDALE FINANCIAL SERVICES
WE HELP YOU START, GROW AND SUCCEED
We bring Canada's leading lenders to you
The Mortgage Centre
I direct mortgages Inc.
21 Roysun Rd, #6, Woodbridge, ON L4L 8R3
Ph: 905.652.3000 ext 467 | 905.652.300 ext 468
Each Mortgage center is independently owned and operated
Call now: 416.674.8035 | 416.674.7050 or Fax: 416.674.9009
ਮਿਲ ਰਹੇ ਘੱਟ ਵਿਆਜ ਦਰਾਂ ਦਾ ਫਾਇਦਾ ਚੱਕੋ ਅਤੇ ਹਜ਼ਾਰਾਂ ਹੀ ਡਾਲਰ ਬਚਾਓ!
• DEBT CONSOLIDATION • HOME EQUITY
• LOANS • HOME RENOVATION
• WANT TO GET OUT OF CREDIT CARD DEBT
ਜਿਆਦਾ ਕਰਜਾ ਦੇ ਕੇ ਥੱਕ ਚੁੱਕੇ ਹੋ? ਆਪਣਾ ਕਰਜਾਂ ਚੁਕਾਓ!!!
ਬੈਂਕ ਨੇ ਕਰ ਦਿੱਤੀ 'ਨਾਂਹ', ਅਸੀਂ ਕਰਾਂਗੇ 'ਹਾਂ'
MORTGAGES SUITABLE FOR EVERY NEED!
1st & 2nd Mortgage Available
ALL IN ONE LOW MONTHLY PAYMENT!
Increase Your Cash Flow by Upto 50%
YOU NEED A MORTGAGE? WE'LL ARANGE IT FOR YOU NO MATTER WHAT YOUR REASON IS!
Self Employed or Unemployed
Each Mortgage Centre is independently owned and operated
19 Woodbine Downs Blvd, #201, Etobicoke, ON M9W 6N5
416.677.0047
Jaspal Singh Gahunia #M08006400

# ਫੌਜ ਦੇ ਸਾਬਕਾ ਮੁਖੀ ਜਨਰਲ ਜੇ ਜੇ ਸਿੰਘ ਟਕਸਾਲੀ ਦਲ ਨਾਲ ਜਾ ਮਿਲੇ

ਅੰਮ੍ਰਿਤਸਰ, 6 ਫਰਵਰੀ, (ਪੋਸਟ ਬਿਊਰੋ)- ਭਾਰਤੀ ਫੌਜ ਦਾ ਪਹਿਲਾ ਸਿੱਖ ਕਮਾਂਡਰ ਰਹਿ ਚੁੱਕੇ ਜਨਰਲ ਜੇ ਜੇ ਸਿੰਘ ਅੱਜ ਸ਼੍ਰੋਮਣੀ ਅਕਾਲੀ ਦਲ ਟਕਸਾਲੀ ਵਿੱਚ ਸ਼ਾਮਲ ਹੋ ਗਏ ਹਨ। ਇਸ ਮੌਕੇ ਜਥੇਦਾਰ ਰਣਜੀਤ ਸਿੰਘ ਬ੍ਰਹਮਪੁਰਾ, ਮੈਂਬਰ ਪਾਰਲੀਮੈਂਟ ਤੇ ਪ੍ਰਧਾਨ ਟਕਸਾਲੀ ਅਕਾਲੀ ਦਲ ਦੇ ਘਰ ਸਾਬਕਾ ਮੈਂਬਰ ਪਾਰਲੀਮੈਂਟ ਡਾ. ਰਤਨ ਸਿੰਘ ਅਜਨਾਲਾ, ਸਾਬਕਾ ਵਿਧਾਇਕ ਰਵਿੰਦਰ ਸਿੰਘ ਬ੍ਰਹਮਪੁਰਾ, ਅਮਰਪਾਲ ਸਿੰਘ ਬੋਨੀ ਅਜਨਾਲਾ ਅਤੇ ਮਨਮੋਹਨ



ਸਿੰਘ ਸਠਿਆਲਾ ਵੀ ਹਾਜ਼ਰ ਸਨ। ਬ੍ਰਹਮਪੁਰਾ ਨੇ ਜਨਰਲ ਜੇ ਜੇ ਸਿੰਘ ਦਾ ਪਾਰਟੀ ਵਿੱਚ ਸਵਾਗਤ ਕਰਦੇ ਹੋਏ ਕਿਹਾ ਕਿ ਅਗਲੀਆਂ ਲੋਕ ਸਭਾ ਚੋਣਾਂ ਵਿੱਚ ਜਨਰਲ ਜੇ ਜੇ ਸਿੰਘ ਨੂੰ ਵੀ ਮੈਦਾਨ ਵਿੱਚ ਉਤਾਰਿਆ ਜਾਵੇਗਾ। ਪਾਰਟੀ ਪ੍ਰਧਾਨ ਜਥੇਦਾਰ ਬ੍ਰਹਮਪੁਰਾ ਨੇ ਕਿਹਾ ਕਿ ਇਸ ਵਾਰ ਉਹ ਤੇ ਡਾ. ਰਤਨ ਸਿੰਘ ਅਜਨਾਲਾ ਖੁਦ ਚੋਣ ਨਹੀਂ ਲੜਨਗੇ। ਉਨ੍ਹਾਂ ਕਿਹਾ ਕਿ ਅਗਲੇ ਦਿਨਾਂ ਵਿੱਚ ਹੋਰ ਵੀ ਕਈ ਵੱਡੇ ਆਗੂ ਇਸ ਪਾਰਟੀ ਵਿੱਚ ਸ਼ਾਮਲ ਹੋਣ ਵਾਲੇ ਹਨ। ਜਨਰਲ ਜੇ ਜੇ ਸਿੰਘ ਨੇ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਨੇ ਜਦੋਂ ਪਟਿਆਲੇ ਤੋਂ ਉਨ੍ਹਾਂ ਨੂੰ ਚੋਣ ਲੜਵਾਈ ਤਾਂ ਉਨ੍ਹਾਂ ਨੂੰ ਧੋਖੇ ਨਾਲ ਹਰਾਇਆ ਗਿਆ। ਉਨ੍ਹਾਂ ਕਿਹਾ ਕਿ ਉਹ ਲੋਕਾਂ ਦੀ ਸੇਵਾ ਕਰਨਾ ਚਾਹੁੰਦੇ ਸਨ, ਪਰ ਪਾਰਟੀ ਨੇ ਉਨ੍ਹਾਂ ਨੂੰ ਧੋਖੇ ਨਾਲ ਹਰਾ ਦੇਣ ਲਈ ਇੱਕ ਬਹੁਤ ਵੱਡੀ ਸਾਜ਼ਿਸ਼ ਕੀਤੀ ਸੀ। ਜਨਰਲ ਜੇ ਜੇ ਸਿੰਘ ਨੇ ਮੰਨਿਆ ਕਿ ਜੂਨ 1984 ਵਿੱਚ ਸ੍ਰੀ ਹਰਿਮੰਦਰ ਸਾਹਿਬ ਉੱਤੇ ਹੋਈ ਫੌਜੀ ਕਾਰਵਾਈ ਵੇਲੇ ਕਾਫੀ ਸਾਰਾ ਰਿਕ-ਾਰਡ ਭਾਰਤੀ ਫ਼ੌਜ ਨੇ ਚੁੱਕ ਕੇ ਕੇਂਦਰ ਸਰਕਾਰ ਨੂੰ ਦਿੱਤਾ ਸੀ, ਜਿਸ ਦਾ ਰਿਕਾਰਡ ਫੌਜ ਕੋਲ ਅੱਜ ਵੀ ਦਸਤਾਵੇਜ਼ ਵਜੋਂ ਮੌਜੂਦ ਹੈ।

AMAN TRAVEL
ਅਮਨ ਟਰੈਵਲ
SPECIAL FARES TO DELHI & AMRITSAR
TICO # 50022741
LAST MINUTE DEALS AVAILABLE
GAURAV GUPTA
905.796.3535
ਦੇਸ਼ ਵਿਦੇਸ਼ ਜਾਣ ਸਮੇਂ ਸਸਤੀਆਂ ਹਵਾਈ ਟਿਕਟਾਂ ਅਤੇ ਭਰੋਸੇਮੰਦ ਸਰਵਿਸ ਲੈਣ ਲਈ ਕਾਲ ਕਰੋ
218 KINGKNOLL DR., BRAMPTON, ON L6Y 4X4

# ਕੋਲਕਾਤਾ ਸ਼ਾਰਧਾ ਕੇਸ: ਦੋ ਆਈ ਪੀ ਐੱਸ ਅਫਸਰਾਂ ਤੋਂ ਈ ਡੀ ਨੇ ਰੋਜ਼ ਵੈਲੀ ਚਿੱਟ ਫੰਡ ਦੇ ਤੱਥ ਵੀ ਮੰਗ ਲਏ

ਕੋਲਕਾਤਾ, 6 ਫਰਵਰੀ, (ਪੋਸਟ ਬਿਊਰੋ)- ਮਮਤਾ ਬੈਨਰਜੀ ਅਤੇ ਸੀ ਬੀ ਆਈ ਵਿਚਾਲੇ ਟੱਕਰ ਦਾ ਕਾਰਨ ਬਣੇ ਸ਼ਾਰਧਾ ਚਿਟ ਫੰਡ ਕੇਸ ਵਿਚ ਕੋਲਕਾਤਾ ਪੁਲਿਸ ਦੇ ਕਮਿਸ਼ਨਰ ਰਾਜੀਵ ਕੁਮਾਰ ਤੋਂ ਪੁੱਛਗਿੱਛ ਬਾਰੇ ਵਿਵਾਦ ਤੋਂ ਬਾਅਦ ਸੁਪਰੀਮ ਕੋਰਟ ਦੇ ਆਦੇਸ਼ ਉੱਤੇ ਇਕ ਪਾਸੇ ਸੀ ਬੀ ਆਈ ਨੇ ਕਾਰਵਾਈ ਚੋਖੀ ਤੇਜ਼ ਕਰ ਦਿੱਤੀ ਹੈ, ਦੂਸਰੇ ਪਾਸੇ ਇਨਫੋਰਸਮੈਂਟ ਡਾਇਰੈਕਟੋਰੇਟ (ਈ ਡੀ) ਆਪਣੇ ਕੰਮ ਤੁਰ ਪਿਆ ਹੈ। ਉਸ ਨੇ ਕੋਲਕਾਤਾ ਦੇ ਦੋ ਸੀਨੀਅਰ ਆਈ ਪੀ ਐੱਸ ਅਫਸਰਾਂ ਤੋਂ ਰੋਜ਼ ਵੈਲੀ ਘੁਟਾਲੇ ਨਾਲ ਜੁੜੇ ਤੱਥ ਲੈਣ ਲਈ ਪੱਛਮੀ ਬੰਗਾਲ ਦੇ ਦੇ ਹੋਮ ਸੈਕਟਰੀ ਨੂੰ ਪੱਤਰ ਭੇਜਿਆ ਹੈ।



ਰੋਜ਼ ਵੈਲੀ ਚਿੱਟ ਫੰਡ ਘੁਟਾਲੇ ਦੀ ਜਾਂਚ ਸੀ ਬੀ ਆਈ ਦੇ ਨਾਲ ਈ ਡੀ ਵੱਲੋਂ ਵੀ ਚੱਲ ਰਹੀ ਹੈ। ਚਿੱਟ ਫੰਡ ਘੁਟਾਲੇ ਦਾ ਪਰਦਾ ਫਾਸ਼ ਹੋਣ ਪਿੱਛੋਂ ਜਾਂਚ ਲਈ ਬਣਾਈ ਐੱਸ ਆਈ ਟੀ (ਵਿਸ਼ੇਸ਼ ਜਾਂਚ ਦਲ) ਦੇ ਨਾਲ ਐੱਸ ਟੀ ਐੱਫ (ਸਪੈਸ਼ਲ ਟਾਸਕ ਫੋਰਸ) ਨੇ ਵੀ ਮੈਂਗੋ ਮਾਰਗ ਦਿੀ ਰੋਜ਼ ਵੈਲੀ ਦੀ ਇਕ ਸੰਸਥਾ ਦੀ ਤਲਾਸ਼ੀ ਕੀਤੀ ਸੀ। ਦੋਸ਼ ਇਹ ਲੱਗਦਾ ਹੈ ਕਿ ਉਸ ਸੰਸਥਾ ਦੇ ਰਾਹੀਂ 15 ਕਰੋੜ ਰੁਪਏ ਦਾ ਲੈਣ-ਦੇਣ ਹੋਇਆ ਸੀ। ਇਸ ਪਿੱਛੋਂ ਚਿੱਟ ਫੰਡ ਘੁਟਾਲੇ ਦੀ ਜਾਂਚ ਈ ਡੀ ਨੂੰ ਮਿਲਣ ਉੱਤੇ ਰੋਜ਼ ਵੈਲੀ ਦੇ ਮੁਖੀ ਗੌਤਮ ਕੁੰਡੂ ਦੀ ਪਤਨੀ ਸੁਭਰਾ ਘੋਸ਼ ਤੋਂ ਪੁੱਛਗਿੱਛ ਦੌਰਾਨ ਉਨ੍ਹਾਂ ਨੇ ਕਈ ਤੱਥਾਂ ਦਾ ਪਰਦਾ ਫਾਸ਼ ਕੀਤਾ ਸੀ। ਇਸ ਵੇਲ ਈ ਡੀ ਸੁਭਰਾ ਅਤੇ ਪੁਲਿਸ ਦੇ ਤੱਥਾਂ ਦਾ ਮਿਲਾਉਣਾ ਚਾਹੁੰਦੀ ਹੈ। ਏਸੇ ਲਈ ਈ ਡੀ ਨੇ ਡਿਪਟੀ ਕਮਿਸ਼ਨਰ, ਐੱਸ ਟੀ ਐੱਫ ਮੁਰਲੀਧਰ ਸ਼ਰਮਾ ਤੇ ਡਿਪਟੀ ਕਮਿਸ਼ਨਰ (ਸਾਊਥ ਈਸਟ) ਕਲਿਆਣ ਮੁਖਰਜੀ ਨੂੰ ਰੋਜ਼ ਵੈਲੀ ਕੇਸ ਨਾਲ ਜੁੜੇ ਤੱਥ ਪੇਸ਼ ਕਰਨ ਨੂੰ ਕਿਹਾ ਹੈ। ਜਾਣਕਾਰ ਸੂਤਰਾਂ ਮੁਤਾਬਕ ਡਿਪਟੀ ਕਮਿਸ਼ਨਰ ਮੁਰਲੀਧਰ ਤੋਂ ਮੈਂਗੋ ਮਾਰਗ ਵਿਚਲੀ ਰੋਜ਼ ਵੈਲੀ ਦੇ ਸੰਸਥਾਨ ਨਾਲ ਜੁੜੇ ਤੱਥ ਮੰਗੇ ਗਏ ਹਨ।

ਇੱਕ ਪੱਖ ਹੋਰ ਕਿ ਸੱਤ ਅਗਸਤ 2017 ਨੂੰ ਬਾਲੀਗੰਜ ਵਿੱਚਲੇ ਰੋਜ਼ ਵੈਲੀ ਦੇ ਇਕ ਹੋਟਲ ਦੀ ਭੰਨ-ਤੋੜ ਕੀਤੀ ਗਈ ਸੀ। ਇਸ ਦੀ ਜਾਂਚ ਵਿਚ ਲੱਗੀ ਈ ਡੀ ਨੂੰ ਮੰਤਰੀ ਸਾਧਨ ਪਾਂਡੇ ਦੀ ਧੀ ਸ਼੍ਰੇਯਾ ਪਾਂਡੇ ਤੋਂ ਪੁੱਛਗਿੱਛ ਵਿਚ ਹੋਟਲ ਨਾਲ ਸਬੰਧਤ ਕਈ ਅਹਿਮ ਤੱਥ ਮਿਲੇ ਸਨ। ਇਸ ਤੋਂ ਬਾਅਦ ਈ ਡੀ ਨੇ ਉਸੇ ਖੇਤਰ ਦੇ ਡੀ ਸੀ ਕਲਿਆਣ ਮੁਖਰਜੀ ਤੋਂ ਉਸ ਹੋਟਲ ਨਾਲ ਸਬੰਧਤ ਤੱਥਾਂ ਨੂੰ ਸੌਂਪਣ ਲਈ ਕਿਹਾ ਹੈ।

UK TRUCK TRAINING CENTRE
ukttc
PCC #179958
Registered as a Private Careers College
Forklift $79 Recertification
Automatic & Manual Trucks
1:1 Training
Forklift Training
Reach Truck
Counterbalance
Air Brake Classes
Sat-Sun 8am to 4pm
Kuldip Singh Grewal
647.894.8590
17 ਸਾਲਾਂ ਦਾ ਤਜ਼ਰਬਾ | 7 ਦਿਨ ਖੁੱਲਾ | ਗੇਅਰਾਂ ਵਾਲੇ ਟਰੱਕਾ ਦੀ ਸਪੈਸ਼ਲ ਟ੍ਰੇਨਿੰਗ
Gurjot Singh Grewal: 437-224-8500
Off:905.673.7979
7542 Bath Rd, Mississauga, ON L4T 1L2

ਕਰੋਨਿਕ ਲਿਵਰ ਪਰੋਬਲਮ ਦਾ ਸ਼ਰਤੀਆ ਇਲਾਜ਼
ਲਿਵਰ ਸਰੋਇਸਿਸ, ਫੈਟੀ ਲਿਵਰ, ਹੈਪਾਟਾਇਟਸ A, B &C ਪੀਲੀਆ
ਡਿਪਰੈਸ਼ਨ ਦਾ ਸ਼ਰਤੀਆ ਇਲਾਜ਼ Symptoms: ਰਾਤ ਨੂੰ ਨੀਂਦ ਨਾ ਆਉਣਾ, ਘਬਰਾਹਟ ਹੋਣੀ, Anxiety, Confidence ਨਹੀਂ ਰਹਿਣਾ, ਮੰਨ ਉਦਾਸ ਰਹਿਣਾ, ਚੇਤਾ ਭੁੱਲਣਾ ਆਦਿ ਤਕਲੀਫਾਂ ਦਾ ਇਲਾਜ ਹੈ। ਮਹਾਵਾਰੀ ਅਤੇ uterus ਤੇ breast ਦੀਆ ਰਸੌਲੀਆਂ ਦਾ ਵੀ ਸ਼ਰਤੀਆ ਇਲਾਜ ਹੈ।
ਹਾਈ ਬੀ-ਪੀ, ਕੋਲੈਸਟਰੋਲ, ਹਾਰਟ ਪਰੋਬਲਮ,ਆਰਟਰੀ ਦੀ ਬਲੋਕੇਜ, ਬਾਇਪਾਸ ਸਰਜਰੀ ਤੋ ਬਚਾਉ ਦਾ ਪੱਕਾ ਇਲਾਜ।
ਬੱਚਿਆਂ ਦਾ ਬਿਸਤਰੇ ਤੇ ਪਿਸ਼ਾਬ ਕਰਣਾ, ਬੱਚਿਆਂ ਦਾ ਪੜ੍ਹਾਈ ਵਿਚ ਕਮਜ਼ੋਰ ਹੋਣਾ, ਬਜ਼ੁਰਗਾਂ ਦਾ ਪਿਸ਼ਾਬ ਬਾਰ-ਬਾਰ ਆਉਣਾ ਜਾਂ ਰੁਕਣਾ। ਜੇਕਰ ਤੁਸੀਂ Stunt ਜਾਂ ਬਾਈ ਪਾਸ ਸਰਜਰੀ ਤੋਂ ਬੱਚਣਾ ਚਾਹੁੰਦੇ ਹੋ ਤਾਂ ਅੱਜ ਹੀ ਸਾਨੂੰ ਸੰਪਰਕ ਕਰੋ। ਸਰਜਰੀ ਅਤੇ Stunt ਤੋਂ ਬੱਚਣ ਲਈ ਸਾਡੇ ਕੋਲ ਤੱਸਲੀਬੱਖਸ਼ ਇਲਾਹ ਹੈ।
ਆਪਣੀ ਚਿਹਰੇ ਦੀ ਖੂਬਸੂਰਤੀ ਨੂੰ ਵਧਾਓ, ਜਿੱਦੀ ਛਾਈਆਂ ਵਰਗੀ ਨਾਮੁਰਾਦ ਬਿਮਾਰੀ ਤੋਂ ਹਮੇਸ਼ਾ ਲਈ ਛੁਟਕਾਰਾ ਪਾਓ। ਸਿਰ ਵਿੱਚ ਸਿਕਰੀ/dandruf ਦਾ ਪੱਕਾ ਇਲਾਜ।
Exima, ਬਵਾਸੀਰ ਦਾ ਪੱਕਾ ਇਲਾਜ ਹੈ ਅੱਖਾਂ ਲਾਲ, ਨਕ ਵਧਣਾ, ਖਾਜ ਹੋਣੀ ਫੁਲਾਂ ਤੋ ਅਤੇ ਘਾਹ ਤੋ ਅਲਰਜੀ, Sinus, Headache, running nose, sneezing ਆਦਿ ਤਕਲੀਫਾਂ ਦਾ ਵੀ ਜੜੋ ਇਲਾਜ ਹੈ। ਕਬਜ਼ ਦਾ ਇਲਾਜ ਤੇ ਸ਼ਰਾਬ ਛਡਣ ਦਾ ਸ਼ਰਤੀਆ ਇਲਾਜ,ਅੱਡੀਆਂ ਦੀਆਂ ਹੱਡੀਆਂ ਵੱਧ ਜਾਣਾ ਤੇ ਪੈਰਾਂ ਦੀਆਂ ਭੌਰੀਆਂ ਦਾ ਪੱਕਾ ਇਲਾਜ ਹੈ।
ਬਿਨਾ ਤਕਲੀਫ ਤੋਂ ਸ਼ਰਾਬ ਛਡੱਣ ਦਾ ਸ਼ਰਤੀਆ ਇਲਾਜ
NO SIDE EFFECTS
100% Natural Cure ਵਧੇਰੀ ਜਾਣਕਾਰੀ ਲਈ ਕਾਲ ਕਰੋ: 647-643-7593

SherGill Law Firm
Barrister, Solicitor & Notary Public
Services:
• Real Estate
• Family Law
• Residential, Commercial, Franchise
• Affidavit, Power Of Attorney & Notarization
• Criminal Law
• Immigration Matters
Paramjit Singh Gill (MBA,LL.B.)
Phone : 905-790-3636
Emergency Contact: 416.910.5676
www.shergilllawfirm.ca
2565 Steeles Ave E Unit #20, Brampton, ON L6T 4L6

ਬਿਜਲੀ ਦਾ ਕੋਈ ਵੀ ਛੋਟਾ/ਵਡਾ ਕੰਮ ਹੋਵੇ
• Residential/Commercial/Industrial
• Basement Electrical Wiring
• Service Panel Upgrading
• Fire Alarm
• Driveway Lights
For All Kinds of Electrical Work
Save UPTO 40 TO 50% On Your HYDRO BILL
LED Pot Lights(Indoor/Outdoor) ਲਗਵਾਓ Hydro Bill ਤੇ 40%-50% ਬਚਾਓ
Contact: Nirmal Singh Johal(Certified Electrician)647-716-2677

# ਮਨੀ ਲਾਂਡਰਿੰਗ ਕੇਸ : ਪ੍ਰਿਅੰਕਾ ਦੇ ਪਤੀ ਰਾਬਰਟ ਵਾਡਰਾ ਤੋਂ ਈ ਡੀ ਵੱਲੋਂ 6 ਘੰਟੇ ਲੰਬੀ ਪੁੱਛਗਿੱਛ



ਨਵੀਂ ਦਿੱਲੀ, 6 ਫਰਵਰੀ, (ਪੋਸਟ ਬਿਊਰੋ)- ਅੱਜ ਹੀ ਆਪਣੇ ਪਾਰਟੀ ਅਹੁਦੇ ਦਾ ਚਾਰਜ ਲੈਣ ਵਾਲੀ ਕਾਂਗਰਸ ਨੇਤਾ ਪ੍ਰਿਅੰਕਾ ਵਾਡਰਾ ਦੇ ਪਤੀ ਰਾਬਰਟ ਵਾਡਰਾ ਤੋਂ ਇਨਫੋਰਸਮੈਂਟ ਡਾਇਰੈਕਟੋਰੇਟ (ਈ ਡੀ) ਨੇ ਮਨੀ ਲਾਂਡਰਿੰਗ ਕੇਸ ਵਿੱਚ ਅੱਜ ਬੁੱਧਵਾਰ ਨੂੰ ਕਰੀਬ 6 ਘੰਟੇ ਤੱਕ ਕੀਤੀ ਤੇ ਉਨ੍ਹਾਂ ਨੂੰ ਦੋਬਾਰਾ ਪੁੱਛਗਿੱਛ ਲਈ ਸੱਦਿਆ ਹੈ। ਅੱਜ ਦੀ ਪੁੱਛਗਿੱਛ ਤੋਂ ਬਾਅਦ ਰਾਬਰਟ ਵਾਡਰਾ ਦੇ ਵਕੀਲ ਸੁਮਨ ਜਯੋਤੀ ਖੇਤਾਨ ਨੇ ਪੱਤਰਕਾਰਾਂ ਨੂੰ ਕਿਹਾ ਕਿ ਉਨ੍ਹਾਂ ਦੇ ਕਲਾਈਂਟ ਨੇ ਸਾਰੇ ਸਵਾਲਾਂ ਦੇ ਜਵਾਬ ਦੇ ਦਿੱਤੇ ਹਨ ਅਤੇ ਜੇ ਫਿਰ ਸੱਦਿਆ ਗਿਆ ਤਾਂ ਉਹ ਫਿਰ ਵੀ ਪੇਸ਼ ਹੋਣਗੇ।

ਵਰਨਣ ਯੋਗ ਹੈ ਕਿ ਕਾਂਗਰਸ ਜਨਰਲ ਸੈਕਟਰੀ ਪ੍ਰਿਅੰਕਾ ਗਾਂਧੀ ਅੱਜ ਆਪਣੇ ਅਹੁਦੇ ਦੇ ਚਾਰਜ ਲੈਣ ਵਾਲੇ ਦਿਨ ਹੀ ਆਪਣੇ ਪਤੀ ਰਾਬਰਟ ਵਾਡਰਾ ਨੂੰ ਈ ਡੀ ਦਫ਼ਤਰ ਤਕ ਪੁੱਛਗਿੱਛ ਲਈ ਖੁਦ ਛੱਡਣ ਆਈ ਤੇ ਬਾਹਰੋਂ ਹੀ ਚਲੀ ਗਈ ਸੀ। ਇਸ ਦੇ ਬਾਅਦ ਰਾਬਰਟ ਵਾਡਰਾ ਆਪਣੇ ਵਕੀਲਾਂ ਨਾਲ ਈ ਡੀ ਦਫ਼ਤਰ ਪੁੱਜੇ। ਈ ਡੀ ਦੇ ਇਕ ਸੀਨੀਅਰ ਅਫਸਰ ਨੇ ਕਿਹਾ ਕਿ ਜਿਵੇਂ ਰਾਬਰਟ ਵਾਡਰਾ ਸਵਾਲਾਂ ਦਾ ਸਹੀ ਜਵਾਬ ਦੇਣ ਤੋਂ ਕੰਨੀ ਕਤਰਾ ਰਹੇ ਹਨ, ਉਸ ਕਾਰਨ ਅਦਾਲਤ ਤੋਂ ਉਨ੍ਹਾਂ ਨੂੰ ਹਿਰਾਸਤ ਦੀ ਆਗਿਆ ਨਾਲ ਰਿਮਾਂਡ ਵਿੱਚ ਪੁੱਛਗਿੱਛ ਦੀ ਆਗਿਆ ਮੰਗੀ ਜਾ ਸਕਦੀ ਹੈ। ਅਫਸਰ ਨੇ ਕਿਹਾ ਕਿ ਰਾਬਰਟ ਵਾਡਰਾ ਤੋਂ ਮੁੱਖ ਤੌਰ ਉੱਤੇ ਲੰਡਨ ਵਿਚਲੀ ਬੇਨਾਮੀ ਜਾਇਦਾਦ ਬਾਰੇ ਪੁੱਛਗਿੱਛ ਕੀਤੀ ਗਈ ਹੈ। ਸੰਜੇ ਭੰਡਾਰੀ ਨਾਂਅ ਦੇ ਵਿਅਕਤੀ ਵੱਲੋਂ ਵਿਦੇਸ਼ਾਂ ਵਿਚ ਲੁਕਾਏ ਕਾਲੇ ਧਨ ਦੀ ਜਾਂਚ ਦੌਰਾਨ ਆਮਦਨ ਟੈਕਸ ਅਧਿਕਾਰੀਆਂ ਨੂੰ ਰਾਬਰਟ ਵਾਡਰਾ ਦੀਆਂ ਜਾਇਦਾਦਾਂ ਦਾ ਪਤਾ ਲੱਗਾ ਸੀ। ਸ਼ੁਰੂ ਦੀ ਪੁੱਛਗਿੱਛ ਵਿਚ ਸੰਜੇ ਭੰਡਾਰੀ ਨੇ ਲੰਡਨ ਦੀ ਇਕ ਜਾਇਦਾਦ ਦੇ ਰਾਬਰਟ ਵਾਡਰਾ ਨਾਲ ਸਬੰਧਿਤ ਹੋਣ ਦੀ ਗੱਲ ਮੰਨੀ ਸੀ, ਫਿਰ ਉਹ ਭਾਰਤ ਤੋਂ ਖਿਸਕ ਗਿਆ ਸੀ। ਇਸ ਪਿੱਛੋਂ ਆਮਦਨ ਬਾਰੇ ਮਿਲੇ ਦਸਤਾਵੇਜ਼ਾਂ ਨਾਲ ਈ ਡੀ ਨੇ ਉਸ ਦੇ ਖਿਲਾਫ ਮਨੀ ਲਾਂਡਰਿੰਗ ਰੋਕੂ ਕਾਨੂੰਨ ਹੇਠ ਜਾਂਚ ਸ਼ੁਰੂ ਕੀਤੀ ਸੀ।

ਈ ਡੀ ਦੇ ਇਕ ਸੀਨੀਅਰ ਅਧਿਕਾਰੀ ਨੇ ਕਿਹਾ ਕਿ ਰਾਬਰਟ ਵਾਡਰਾ ਦੀਆਂ ਲੰਡਨ ਵਿਚ ਇਕ ਦਰਜਨ ਤੋਂ ਵੱਧ ਬੇਨਾਮੀ ਜਾਇਦਾਦਾਂ ਦੇ ਸਬੂਤਾਂ ਬਾਰੇ ਸਵਾਲ ਪੁੱਛੇ ਜਾ ਰਹੇ ਹਨ। ਸਾਲ 2010 ਵਿਚ ਲੰਡਨ ਦੇ ਸੁਮਿਤ ਚੱਢਾ ਨੇ ਰਾਬਰਟ ਵਾਡਰਾ ਨੂੰ ਮੇਲ ਕਰ ਕੇ 12 ਬ੍ਰਾਇਨਸਟਨ ਸਕਵਾਇਰ ਲੰਡਨ ਵਾਲੀ ਇਕ ਜਾਇਦਾਦ ਦੀ ਨਵੇਂ ਸਿਰੇ ਤੋਂ ਮੁਰੰਮਤ ਕਰਨ ਦੀ ਲੋੜ ਦੱਸੀ ਸੀ। ਇਸ ਦੇ ਜਵਾਬ ਵਿੱਚ ਈ-ਮੇਲ ਰਾਹੀਂ ਰਾਬਰਟ ਵਾਡਰਾ ਦੀ ਇਜਾਜ਼ਤ ਮਿਲਣ ਉੱਤੇ ਸੁਮਿਤ ਚੱਢਾ ਨੇ ਮੁਰੰਮਤ ਦਾ ਪੂਰਾ ਪਲਾਨ ਭੇਜਿਆ ਤਾਂ ਇਸ ਨੂੰ ਵਾਡਰਾ ਨੇ ਹਰੀ ਝੰਡੀ ਦੇ ਦਿੱਤੀ ਸੀ। ਫਿਰ ਸੁਮਿਤ ਚੱਢਾ ਨੇ ਪੈਸੇ ਭੇਜਣ ਨੂੰ ਕਿਹਾ ਤਾਂ ਜਵਾਬ ਵਿਚ ਵਾਡਰਾ ਨੇ ਮਨੋਜ ਅਰੋੜਾ ਰਾਹੀਂ ਪੈਸੇ ਦਾ ਪ੍ਰਬੰਧ ਕਰਨ ਦਾ ਭਰੋਸਾ ਦਿੱਤਾ ਸੀ। ਮੁਰੰਮਤ ਉੱਤੇ ਲਗਪਗ 32 ਲੱਖ ਰੁਪਏ ਖ਼ਰਚ ਆਇਆ। ਖ਼ਾਸ ਗੱਲ ਇਹ ਹੈ ਕਿ 2010 ਵਿਚ ਇਹ ਜਾਇਦਾਦ ਸੰਜੇ ਭੰਡਾਰੀ ਦੇ ਨਾਂ ਹੀ ਸੀ। ਸੁਮਿਤ ਚੱਢਾ ਤੇ ਵਾਡਰਾ ਵਿਚਾਲੇ ਈ-ਮੇਲ ਬਾਰੇ ਹਰ ਗੱਲਬਾਤ ਦੀ ਕਾਪੀ ਸੰਜੇ ਭੰਡਾਰੀ ਨੂੰ ਵੀ ਭੇਜੀ ਜਾਂਦੀ ਸੀ ਅਤੇ ਉਸ ਦੀ ਜਾਂਚ ਕਰਨ ਵੇਲੇ ਉਹ ਆਮਦਨ ਟੈਕਸ ਵਿਭਾਗ ਨੂੰ ਮਿਲੀ ਸੀ। ਇਹ ਦੱਸਿਆ ਜਾਂਦਾ ਹੈ ਕਿ ਬਾਅਦ ਵਿਚ ਇਹੀ ਜਾਇਦਾਦ ਦੁਬਈ ਵਿਚ ਰਹਿਣ ਵਾਲੇ ਸ਼ਿਸ਼ਿਰ ਥੰਪੀ ਨੂੰ ਵੇਚ ਦਿੱਤੀ ਗਈ। ਵਾਡਰਾ ਤੋਂ ਇਨ੍ਹਾਂ ਸਾਰੇ ਪੱਖਾਂ ਦੇ ਸਵਾਲ ਪੁੱਛੇ ਗਏ ਹਨ। ਈ ਡੀ ਦੇ ਇਕ ਅਧਿਕਾਰੀ ਨੇ ਕਿਹਾ ਕਿ ਸੰਜੇ ਭੰਡਾਰੀ, ਸੁਮਿਤ ਚੱਢਾ ਅਤੇ ਸ਼ਿਸ਼ਿਰ ਥੰਪੀ ਵਿਦੇਸ਼ ਵਿਚ ਹਨ, ਪਰ ਮਨੋਜ ਅਰੋੜਾ ਤੋਂ ਕਈ ਵਾਰ ਪੁੱਛਗਿੱਛ ਕੀਤੀ ਜਾ ਚੁੱਕੀ ਹੈ।

ਰਾਬਰਟ ਵਾਡਰਾ ਲੰਡਨ ਦੀ ਇਸ ਜਾਇਦਾਦ ਤੇ ਸੰਜੇ ਭੰਡਾਰੀ ਨਾਲ ਸਬੰਧਾਂ ਤੋਂ ਇਨਕਾਰ ਕਰਦੇ ਹਨ, ਪਰ ਇਸ ਈ-ਮੇਲ ਬਾਰੇ ਸਾਫ਼ ਜਵਾਬ ਨਹੀਂ ਦੇ ਰਹੇ। ਉਨ੍ਹਾਂ ਦਾ ਕਹਿਣਾ ਹੈ ਕਿ ਇਸ ਈ-ਮੇਲ ਦੀ ਉਨ੍ਹਾਂ ਨੂੰ ਕੋਈ ਜਾਣਕਾਰੀ ਨਹੀਂ ਹੈ, ਪਰ ਉਹ ਇਹ ਨਹੀਂ ਦੱਸਦੇ ਕਿ ਜਿਸ ਈ-ਮੇਲ ਦੀ ਉਹ ਖ਼ੁਦ ਲਗਾਤਾਰ ਵਰਤੋਂ ਕਰਦੇ ਸਨ, ਉਸ ਤੋਂ ਕੀਤੇ ਮੇਲ ਦੇ ਬਾਰੇ ਉਨ੍ਹਾਂ ਨੂੰ ਕਿਵੇਂ ਜਾਣਕਾਰੀ ਨਹੀਂ। ਈ ਡੀ ਨਿਯਮਾਂ ਮੁਤਾਬਕ ਵਾਡਰਾ ਨੂੰ ਖ਼ੁਦ ਈ ਡੀ ਦਾ ਸਵਾਲ ਲਿਖਣਾ ਪੈ ਰਿਹਾ ਹੈ ਤੇ ਉਸ ਦਾ ਜਵਾਬ ਵੀ ਦੇਣਾ ਪੈ ਰਿਹਾ। ਇਹ ਵੀ ਨੋਟ ਕਰਨ ਵਾਲੀ ਗੱਲ ਹੈ ਕਿ ਈ ਡੀ ਕੋਲ ਦਿੱਤੇ ਬਿਆਨ ਨੂੰ ਅਦਾਲਤ ਵਿਚ ਸਬੂਤ ਮੰਨਿਆ ਜਾਣਾ ਹੈ। ਕਿਉਂਕਿ ਅਦਾਲਤ ਨੇ ਵਾਡਰਾ ਦੀ ਗ੍ਰਿਫ਼ਤਾਰੀ ਉੱਤੇ 16 ਫਰਵਰੀ ਤਕ ਰੋਕ ਲਾ ਰੱਖੀ ਹੈ, ਇਸ ਲਈ ਉਨ੍ਹਾਂ ਤੋਂ ਸਿਰਫ਼ ਪੁੱਛਗਿੱਛ ਕੀਤੀ ਜਾ ਰਹੀ ਹੈ।

# ਔਰਤਾਂ ਉੱਤੇ ਟਿੱਪਣੀ ਕਾਰਨ ਜਾਪਾਨੀ ਉੱਪ ਪ੍ਰਧਾਨ ਮੰਤਰੀ ਤਾਰੋ ਨੇ ਮੁਆਫੀ ਮੰਗੀ

ਟੋਕੀਓ, 6 ਫਰਵਰੀ (ਪੋਸਟ ਬਿਊਰੋ)- ਜਾਪਾਨ ਦੇ ਉਪ ਪ੍ਰਧਾਨ ਮੰਤਰੀ ਅਤੇ ਖਜ਼ਾਨਾ ਮੰਤਰੀ ਤਾਰੋ ਅਸੋ ਨੇ ਆਪਣੇ ਦੇਸ਼ ਦੀ ਘੱਟਦੀ ਆਬਾਦੀ ਲਈ ਸੰਤਾਨਹੀਣ ਔਰਤਾਂ ਨੂੰ ਜ਼ਿੰਮੇਵਾਰ ਕਿਹਾ ਹੈ। ਬਾਅਦ 'ਚ ਉਨ੍ਹਾਂ ਨੇ ਇਸ ਬਿਆਨ 'ਤੇ ਮੁਆਫੀ ਮੰਗੀ ਅਤੇ ਕਿਹਾ ਕਿ ਜੇ ਮੇਰੇ ਬਿਆਨ 'ਤੇ ਲੋਕਾਂ ਨੂੰ ਇਤਰਾਜ਼ ਹੈ ਤਾਂ ਮੈਂ ਇਸ ਲਈ ਮੁਆਫੀ ਮੰਗਦਾ ਹਾਂ।

ਸਾਲ 2017 ਦੇ ਅੰਕੜਿਆਂ ਮੁਤਾਬਕ ਜਾਪਾਨ ਦੀ ਆਬਾਦੀ 1268 ਕਰੋੜ ਸੀ। ਅਨੁਮਾਨ ਹੈ ਕਿ ਘੱਟਦੀ ਜਨਮ ਦਰ ਕਾਰਨ 2050 ਤੱਕ ਦੇਸ਼ ਦੀ ਆਬਾਦੀ 10 ਕਰੋੜ ਤੋਂ ਹੇਠਾਂ ਆ ਜਾਵੇਗੀ। ਸਾਬਕਾ ਪ੍ਰਧਾਨ ਮੰਤਰੀ ਅਸੋ (78) ਨੇ ਫੁਕੁਓਕਾ ਵਿੱਚ ਇਕ ਸੈਮੀਨਾਰ ਵਿੱਚ ਕਿਹਾ, 'ਬਹੁਤ ਸਾਰੇ ਲੋਕ ਮੰਨਦੇ ਹਨ ਕਿ ਬਜ਼ੁਰਗਾਂ ਦੇ ਕਾਰਨ ਦੇਸ਼ ਦੀ ਆਬਾਦੀ ਡਿੱਗ ਰਹੀ ਹੈ, ਪਰ ਇਹ ਗਲਤ ਹੈ। ਇਸ ਦਾ ਅਸਲੀ ਕਾਰਨ ਉਹ ਔਰਤਾਂ ਅਤੇ ਪਰਵਾਰ ਹਨ, ਜਿਹੜੇ ਬੱਚਾ ਪੈਦਾ ਨਹੀਂ ਕਰਦੇ।' ਅਸੋ ਦੇ ਇਸ ਬਿਆਨ ਦੀ ਕਰੜੀ ਆਲੋਚਨਾ ਹੋ ਰਹੀ ਹੈ। ਵਿਰੋਧੀ ਕਾਂਸਟੀਚਿਊਸ਼ਨਲ ਡੈਮੋਕ੍ਰੇਟਿਕ ਪਾਰਟੀ ਦੇ ਪਾਰਲੀਮੈਂਟ ਮੈਂਬਰ ਕਿਓਮੀ ਸੁਜੀਮੋਤਾ ਨੇ ਕਿਹਾ ਕਿ ਉਨ੍ਹਾਂ ਨੂੰ ਮਨੁੱਖੀ ਅਧਿਕਾਰ ਦੀ ਕੋਈ ਜਾਣਕਾਰੀ ਨਹੀਂ ਹੈ ਤੇ ਉਹ ਅਸਲੀ ਸਮੱਸਿਆ ਨੂੰ ਨਹੀਂ ਸਮਝਦੇ, ਇਸ ਲਈ ਕਿਸੇ ਦੇ ਬੱਚਾ ਚਾਹੁਣ ਜਾਂ ਨਾ ਚਾਹੁਣ ਦਾ ਸਵਾਲ ਉਠਾਇਆ ਹੈ।

## ਅਮਰੀਕੀ ਅਧਿਕਾਰੀ ਕਹਿੰਦਾ: ਗ੍ਰਿਫਤਾਰ ਕੀਤੇ ਗਏ 130 ਵਿਦੇਸ਼ੀ ਆਪਣੇ ਜੁਰਮ ਤੋਂ ਜਾਣੂੰ ਸਨ

ਵਾਸ਼ਿੰਗਟਨ, 6 ਫਰਵਰੀ (ਪੋਸਟ ਬਿਊਰੋ)- ਅਮਰੀਕਾ ਦੇ ਸਟੇਟ ਡਿਪਾਰਟਮੈਂਟ ਦਾ ਕਹਿਣਾ ਹੈ ਕਿ ਗੈਰ ਕਾਨੂੰਨੀ ਢੰਗ ਨਾਲ ਅਮਰੀਕਾ 'ਚ ਰਹਿਣ ਲਈ ਇਕ ਫਰਜ਼ੀ ਯੂਨੀਵਰਸਿਟੀ 'ਚ ਦਾਖਲਾ ਲੈਣ ਦੇ ਦੋਸ਼ 'ਚ ਫੜੇ ਗਏ 130 ਵਿਦੇਸ਼ੀ ਵਿਦਿਆਰਥੀਆਂ ਨੂੰ ਆਪਣੇ ਅਪਰਾਧ ਦਾ ਪਤਾ ਸੀ ਕਿ ਉਹ ਇਹ ਗੈਰ ਕਾਨੂੰਨੀ ਢੰਗ ਨਾਲ ਕਰ ਰਹੇ ਹਨ।

ਇਸ ਬਾਰੇ ਦਾਅਵੇ ਕੀਤੇ ਜਾ ਰਹੇ ਸਨ ਕਿ ਉਕਤ ਵਿਦਿਆਰਥੀਆਂ ਨੂੰ ਯੂਨੀਵਰਸਿਟੀ ਵੱਲੋਂ ਚਲਾਏ ਗਏ ਗੈਰ ਕਾਨੂੰਨੀ ਆਪ੍ਰੇਸ਼ਨ ਦੀ ਜਾਣਕਾਰੀ ਨਹੀਂ ਹੈ। ਬੀਤੇ ਸ਼ਨੀਵਾਰ ਭਾਰਤ ਨੇ ਅਮਰੀਕੀ ਦੂਤਘਰ ਨੂੰ ਨੋਟਿਸ ਜਾਰੀ ਕੀਤਾ ਅਤੇ ਭਾਰਤੀ ਵਿਦਿਆਰਥੀਆਂ ਦੀ ਗ੍ਰਿਫਤਾਰੀ ਬਾਰੇ ਚਿੰਤਾ ਅਤੇ ਉਨ੍ਹਾਂ ਤੱਕ ਤੁਰੰਤ ਭਾਰਤੀ ਰਾਜਦੂਤ ਦੀ ਪਹੁੰਚ ਕਰਨ ਦੀ ਮੰਗ ਕੀਤੀ ਸੀ, ਜਿਸ ਤੋਂ ਬਾਅਦ ਅਮਰੀਕੀ ਸਟੇਟ ਡਿਪਾਰਟਮੈਂਟ ਨੇ ਬਿਆਨ ਦਿੱਤਾ ਹੈ। ਵਰਨਣ ਯੋਗ ਹੈ ਕਿ ਬੀਤੇ ਹਫਤੇ ਅਮਰੀਕੀ ਸੁਰੱਖਿਆ ਵਿਭਾਗ ਨੇ ਇਕ ਯੂਨੀਵਰਸਿਟੀ 'ਚ ਦਾਖਲਾ ਲੈਣ ਦੇ ਦੋਸ਼ਾਂ ਹੇਠ ਉਨ੍ਹਾਂ ਵਿਦਿਆਰਥੀਆਂ ਨੂੰ ਫੜਿਆ ਕੀਤਾ ਹੈ। ਇਹ ਫਰਜ਼ੀ ਯੂਨੀਵਰਸਿਟੀ ਅਮਰੀਕੀ ਸੁਰੱਖਿਆ ਵਿਭਾਗ ਨੇ ਬਣਾਈ ਹੈ। ਅਮਰੀਕੀ ਸਟੇਟ ਡਿਪਾਰਟਮੈਂਟ ਦੇ ਬੁਲਾਰੇ ਨੇ ਦੱਸਿਆ ਕਿ ਸਾਰੇ ਵਿਦਿਆਰਥੀਆਂ ਨੂੰ ਇਸ ਦੀ ਜਾਣਕਾਰੀ ਸੀ ਕਿ ਉਕਤ ਯੂਨੀਵਰਸਿਟੀ 'ਚ ਕੋਈ ਜਮਾਤ ਜਾਂ ਪੜ੍ਹਾਈ ਨਹੀਂ ਹੁੰਦੀ, ਸਭ ਨੂੰ ਪਤਾ ਸੀ ਕਿ ਉਹ ਇਥੇ ਦਾਖਲਾ ਸਿਰਫ ਅਮਰੀਕਾ 'ਚ ਟਿਕੇ ਰਹਿਣ ਲਈ ਲੈ ਰਹੇ ਹਨ।

## ਔਰਤਾਂ ਦਾ ਦਿਮਾਗ ਹਮ ਉਮਰ ਮਰਦਾਂ ਮੁਕਾਬਲੇ ਤਿੰਨ ਸਾਲ ਵੱਧ ਜਵਾਨ ਰਹਿੰਦੈ

ਵਾਸ਼ਿੰਗਟਨ, 6 ਫਰਵਰੀ (ਪੋਸਟ ਬਿਊਰੋ)- ਵਿਗਿਆਨੀਆਂ ਦਾ ਦਾਅਵਾ ਹੈ ਕਿ ਔਰਤਾਂ ਦਾ ਦਿਮਾਗ ਉਨ੍ਹਾਂ ਦੇ ਹਮ ਉਮਰ ਪੁਰਸ਼ਾਂ ਦੇ ਮੁਕਾਬਲੇ ਵਿੱਚ ਤਿੰਨ ਸਾਲ ਜਵਾਨ ਰਹਿੰਦਾ ਹੈ। ਇਸ ਕਾਰਨ ਔਰਤਾਂ ਦਾ ਦਿਮਾਗ ਲੰਬੇ ਸਮੇਂ ਤੱਕ ਤੇਜ਼ ਚੱਲਦਾ ਹੈ। ਇਨ੍ਹਾਂ ਵਿਗਿਆਨੀਆਂ ਵਿੱਚ ਇੱਕ ਭਾਰਤੀ ਮੂਲ ਦਾ ਹੈ।

ਅਮਰੀਕਾ ਦੀ ਵਾਸ਼ਿੰਗਟਨ ਯੂਨੀਵਰਸਿਟੀ ਵਿੱਚ ਸਹਾਇਕ ਪ੍ਰੋਫੈਸਰ ਮਨੂ ਗੋਇਲ ਨੇ ਕਿਹਾ ਕਿ ਅਸੀਂ ਅਜੇ ਇਹ ਸਮਝਣਾ ਸ਼ੁਰੂ ਹੀ ਕੀਤਾ ਹੈ ਕਿ ਕਿਵੇਂ ਵੱਖ-ਵੱਖ ਲੈਂਗਿਗ ਕਾਰਕ ਦਿਮਾਗ ਦੇ ਬੁੱਢੇ ਹੋਣ ਦੀ ਪ੍ਰਕਿਰਿਆ 'ਤੇ ਅਸਰ ਪਾ ਰਹੇ ਹਨ। ਉਨ੍ਹਾਂ ਕਿਹਾ ਕਿ ਦਿਮਾਗ ਦੀਆਂ ਕਿਰਿਆਵਾਂ ਔਰਤਾਂ ਤੇ ਮਰਦਾਂ ਦੀ ਉਮਰ ਵਧਣ 'ਤੇ ਉਨ੍ਹਾਂ ਦੇ ਦਿਮਾਗ ਸੰਬੰਧੀ ਫਰਕਾਂ ਨੂੰ ਸਮਝਣ ਵਿੱਚ ਮਦਦ ਕਰ ਸਕਦੀਆਂ ਹਨ। ਦਿਮਾਗ ਸ਼ਰਕਰਾ ਨਾਲ ਚੱਲਦਾ ਹੈ, ਪ੍ਰੰਤੂ ਦਿਮਾਗ ਇਸ ਦੀ ਵਰਤੋਂ ਕਿਸ ਤਰ੍ਹਾਂ ਕਰਦਾ ਹੈ, ਇਸ ਵਿੱਚ ਉਮਰ ਵਧਣ ਦੇ ਨਾਲ ਪਰਿਵਰਤਨ ਹੁੰਦਾ ਹੈ। ਇਹ ਸਰਵੇ ਪ੍ਰੋਸੀਡਿੰਗਸ ਆਫ ਨੈਸ਼ਨਲ ਅਕੈਡਮੀ ਆਫ ਸਾਇੰਸਿਜ਼ ਜਰਨਲ ਵਿੱਚ ਪ੍ਰਕਾਸ਼ਿਤ ਹੋਇਆ ਹੈ। ਖੋਜਕਾਰਾਂ 205 ਲੋਕਾਂ 'ਤੇ ਸਰਵੇ ਕੀਤਾ ਅਤੇ ਪਤਾ ਲਾਇਆ ਕਿ ਉਨ੍ਹਾਂ ਦਾ ਦਿਮਾਗ ਸ਼ਰਕਰਾ ਦੀ ਕਿਸ ਤਰ੍ਹਾਂ ਵਰਤੋਂ ਕਰਦਾ ਹੈ। ਇਸ ਵਿੱਚ 20 ਤੋਂ 84 ਸਾਲ ਦੀ ਉਮਰ ਦੀਆਂ 121 ਔਰਤਾਂ ਅਤੇ 84 ਮਰਦਾਂ ਨੇ ਹਿੱਸਾ ਲਿਆ। ਉਨ੍ਹਾਂ ਦੇ ਦਿਮਾਗ ਵਿੱਚ ਗੁਲੂਕੋਜ਼ ਅਤੇ ਆਕਸੀਜਨ ਦੇ ਪ੍ਰਵਾਹ ਨੂੰ ਮਾਪਣ ਦੇ ਲਈ ਉਨ੍ਹਾਂ ਦਾ ਪੀ ਈ ਟੀ ਸਕੈਨ ਕੀਤਾ ਗਿਆ।

## 10ਵੀਂ ਪਾਸ ਮੁੰਡੇ ਨੇ ਜੰਤਰ ਬਣਾਇਆ: ਸ਼ਰਾਬ ਪੀ ਕੇ ਗੱਡੀ ਚਲਾਉਣ ਦੀ ਕੋਸ਼ਿਸ਼ ਕੀਤੀ ਤਾਂ ਫੜੇ ਜਾਓਗੇ

ਨਵੀਂ ਦਿੱਲੀ, 6 ਫਰਵਰੀ (ਪੋਸਟ ਬਿਊਰੋ)- ਹੁਨਰ ਕਿਸੇ ਡਿਗਰੀ ਦਾ ਮੋਹਤਾਜ ਨਹੀਂ ਹੁੰਦਾ। ਜੇ ਮਨ 'ਚ ਕੁਝ ਕਰਨ ਦਾ ਜਜ਼ਬਾ ਅਤੇ ਖੁਦ 'ਤੇ ਭਰੋਸਾ ਹੈ ਤਾਂ ਹਰ ਕਾਰਨਾਮਾ ਕਰ ਸਕਦੇ ਹਾਂ। ਹੈਦਰਾਬਾਦ ਦੇ ਸਾਈਂ ਤੇਜਾ ਨੇ ਇਹ ਸੱਚ ਸਾਬਤ ਕਰ ਦਿਖਾਇਆ ਹੈ। ਸਿਰਫ 10ਵੀਂ ਤੱਕ ਪੜ੍ਹੇ ਤੇਜਾ ਨੇ ਅਜਿਹੀ ਡਿਵਾਈਸ ਬਣਾ ਦਿੱਤੀ ਹੈ, ਜੋ ਭਵਿੱਖ 'ਚ ਕ੍ਰਾਂਤੀਕਾਰੀ ਸਾਬਿਤ ਹੋ ਸਕਦੀ ਹੈ। ਇਸ ਦੀ ਖਾਸੀਅਤ ਇਹ ਹੈ ਕਿ ਜੇ ਕੋਈ ਗੱਡੀ ਚਲਾਵੇਗਾ ਅਤੇ ਸ਼ਰਾਬ ਪੀਤੀ ਹੋਈ ਤਾਂ ਉਹ ਗੱਡੀ ਨੂੰ ਸਟਾਰਟ ਨਹੀਂ ਹੋਣ ਦੇਵੇਗੀ। ਇਸ ਨਾਲ ਸ਼ਰਾਬ ਪੀ ਕੇ ਗੱਡੀ ਚਲਾਉਣ ਕਾਰਨ ਹੋਣ ਵਾਲੇ ਸੜਕ ਹਾਦਸਿਆਂ ਵਿੱਚ ਕਮੀ ਆ ਸਕੇਗੀ। ਜੇ ਡਰਾਈਵਰ ਨੇ 30 ਫੀਸਦੀ ਤੋਂ ਵੱਧ ਸ਼ਰਾਬ ਪੀਤੀ ਹੋਈ ਹੈ ਅਤੇ ਗੱਡੀ ਵਿੱਚ ਸਾਈਂ ਤੇਜਾ ਵੱਲੋਂ ਤਿਆਰ ਇਹ ਡਿਵਾਈਸ ਲੱਗੀ ਹੈ ਤਾਂ ਗੱਡੀ ਸਟਾਰਟ ਹੀ ਨਹੀਂ ਹੋਵੇਗੀ। ਤੇਜਾ ਨੇ ਇਸ ਡਿਵਾਈਸ ਨੂੰ ਬਣਾਉਣ 'ਚ ਸਿਰਫ 15 ਦਿਨ ਲਾਏ ਹਨ ਤੇ ਇਸ ਦੀ ਲਾਗਤ ਸਿਰਫ 2500 ਰੁਪਏ ਆਈ ਹੈ। ਗੱਡੀ ਸਟਾਰਟ ਨਾ ਹੋਣ ਤੋਂ ਇਲਾਵਾ ਇੱਕ ਮੋਬਾਈਲ, ਜੋ ਇਸ ਡਿਵਾਈਸ ਨਾਲ ਕਨਫੀਗਰ ਹੋਵੇਗਾ, ਉਸ 'ਤੇ ਐੱਸ ਐੱਮ ਐੱਸ ਵੀ ਆਟੋਮੈਟੀਕਲੀ ਚਲਾ ਜਾਏਗਾ।

## ਕੁੱਤਿਆਂ ਨੇ ਦੋ ਸਾਲਾ ਮਾਸੂਮ ਨੂੰ ਨੋਚ ਕੇ ਮਾਰਿਆ

ਦਸੂਹਾ, 6 ਫਰਵਰੀ (ਪੋਸਟ ਬਿਊਰੋ)- ਇਥੋਂ ਨੇੜਲੇ ਪਿੰਡ ਗੰਗੀਆਂ ਵਿੱਚ ਪਰਵਾਸੀ ਮਜ਼ਦੂਰ ਦੇ ਦੋ ਸਾਲਾ ਮਾਸੂਮ ਬੱਚੇ ਨੂੰ ਅਵਾਰਾ ਕੁੱਤਿਆਂ ਦੇ ਝੁੰਡ ਨੇ ਨੋਚ-ਨੋਚ ਕੇ ਮਾਰ ਦਿੱਤਾ। ਬੱਚੇ ਦੀ ਪਛਾਣ ਮਨਪ੍ਰੀਤ (2) ਪੁੱਤਰ ਨੇਕਰਾਮ ਵਾਸੀ ਜ਼ਿਲਾ ਹਰਦੋਈ ਯੂ ਪੀ, ਹਾਲ ਵਾਸੀ ਪਿੰਡ ਗੰਗੀਆਂ ਦਸੂਹਾ ਵਜੋਂ ਹੋਈ ਹੈ। ਕੁੱਤਿਆਂ ਨੇ ਬੱਚੇ ਨੂੰ ਇਸ ਹੱਦ ਤੱਕ ਖਾ ਲਿਆ ਕਿ ਲਾਸ਼ ਪੋਸਟ ਮਾਰਟਮ ਦੇ ਯੋਗ ਵੀ ਨਹੀਂ ਸੀ ਰਹੀ। ਮਿਲੀ ਜਾਣਕਾਰੀ ਮੁਤਾਬਕ ਪੀੜਤ ਬੱਚੇ ਦੀ ਮਾਂ ਮੰਜੂ ਦੇਵੀ ਆਪਣੇ ਪਤੀ ਤੇ ਚਾਰ ਬੱਚਿਆਂ ਨਾਲ ਪਿੰਡ ਗੰਗੀਆਂ ਵਿੱਚ ਕਿਸੇ ਦੇ ਪੋਲਟਰੀ ਫਾਰਮ 'ਤੇ ਰਹਿੰਦੀ ਹੈ। ਕੱਲ੍ਹ ਸਵੇਰੇ ਤਿੰਨ ਬੱਚਿਆਂ ਨੂੰ ਸਕੂਲ ਭੇਜਣ ਮਗਰੋਂ ਉਸ ਦਾ ਪਤੀ ਪਿੰਡ ਪੰਨਵਾਂ ਵਿੱਚ ਖੇਤੀਬਾੜੀ ਲਈ ਚੱਲਿਆ ਗਿਆ ਅਤੇ ਉਹ ਖੁਦ ਆਪਣੇ ਕੰਮ ਵਿੱਚ ਰੁੱਝ ਗਈ। ਜਦੋਂ ਕਾਫੀ ਦੇਰ ਤੱਕ ਉਸ ਨੇ ਆਪਣੇ ਛੋਟੇ ਪੁੱਤਰ ਮਨਪ੍ਰੀਤ ਨੂੰ ਨਾ ਦੇਖਿਆ ਤਾਂ ਉਸ ਨੂੰ ਲੱਭਦੀ ਹੋਈ ਘਰ ਦੇ ਪਿਛਲੇ ਪਾਸੇ ਗਈ, ਜਿਥੇ ਪੰਜ ਛੇ ਅਵਾਰਾ ਕੁੱਤਿਆਂ ਦਾ ਝੁੰਡ ਮਨਪ੍ਰੀਤ ਨੂੰ ਨੋਚ-ਨੋਚ ਕੇ ਖਾ ਰਿਹਾ ਸੀ। ਜਦੋਂ ਉਸ ਨੇ ਕੁੱਤਿਆਂ ਨੂੰ ਭਜਾਇਆ ਤਾਂ ਕੁੱਤੇ ਬੱਚੇ ਦਾ ਸਾਰਾ ਧੜ ਖਾ ਚੁੱਕੇ ਸਨ ਤੇ ਉਸ ਦੀ ਗਰਦਨ ਅਤੇ ਕੱਪੜੇ ਹੀ ਬਚੇ ਸਨ।

## ਪਿਸਤੌਲ ਦਿਖਾ ਕੇ ਲੁਟੇਰਿਆਂ ਨੇ ਐੱਨ ਆਰ ਆਈ ਦੀ ਪਤਨੀ ਦੇ ਗਹਿਣੇ ਤੇ ਮੋਬਾਈਲ ਖੋਹਿਆ

ਜਲੰਧਰ, 6 ਫਰਵਰੀ (ਪੋਸਟ ਬਿਊਰੋ)- ਇਸ ਮਹਾਨਗਰ ਦੇ ਥਾਣਾ ਰਾਮਾ ਮੰਡੀ ਦੇ ਹੇਠ ਪਿੰਡ ਸਲੇਮਪੁਰ ਮਸੰਦਾਂ ਵਿੱਚ ਲੁਟੇਰਿਆਂ ਨੇ ਇੱਕ ਐੱਨ ਆਰ ਆਈ ਦੀ ਪਤਨੀ ਦੇ ਗਹਿਣੇ ਲੁਹਾਏ ਅਤੇ ਮੋਬਾਈਲ ਖੋਹ ਲਿਆ। ਦਿਨ-ਦਿਹਾੜੇ ਹੋਈ ਇਸ ਵਾਰਦਾਤ ਦੀ ਸੂਚਨਾ ਮਿਲਦੇ ਸਾਰ ਥਾਣਾ ਰਾਮਾ ਮੰਡੀ ਦੇ ਮੁਖੀ ਇੰਸਪੈਕਟਰ ਜੀਵਨ ਸਿੰਘ ਪਹੁੰਚੇ। ਲੁੱਟ ਦੀ ਸ਼ਿਕਾਰ ਹੋਈ ਬਲਜੀਤ ਕੌਰ ਪਤਨੀ ਲੇਖ ਰਾਜ ਦੇ ਪਰਵਾਰ ਨੇ ਦੱਸਿਆ ਕਿ ਬਲਜੀਤ ਪਿੰਡ ਵਿੱਚ ਆਪਣੇ ਰਿਸ਼ਤੇਦਾਰ ਲਖਬੀਰ ਸਿੰਘ ਤੋਂ ਐਕਟਿਵਾ ਸਿੱਖ ਰਹੀ ਸੀ ਕਿ ਰਸਤੇ ਵਿੱਚ ਉਨ੍ਹਾਂ ਨੂੰ ਮੋਟਰ ਸਾਈਕਲ ਸਵਾਰ ਦੋ ਨੌਜਵਾਨਾਂ ਨੇ ਘੇਰ ਲਿਆ। ਇੱਕ ਕੋਲ ਪਿਸਤੌਲ ਤੇ ਦੂਜੇ ਕੋਲ ਦਾਤਰ ਸੀ। ਇੱਕ ਨੌਜਵਾਨ ਨੇ ਪਿਸਤੌਲ ਨਾਲ ਬਲਜੀਤ ਨੂੰ ਧਮਕਾ ਕੇ ਉਸ ਦੀਆਂ ਦੋਵੇਂ ਵਾਲੀਆਂ, ਸੋਨੇ ਦੀ ਅੰਗੂਠੀ ਤੇ ਮੋਬਾਈਲ ਖੋਹ ਲਿਆ। ਉਸ ਦੇ ਬਚਾਅ ਲਈ ਆਏ ਲਖਬੀਰ ਸਿੰਘ 'ਤੇ ਦੂਸਰੇ ਨੌਜਵਾਨ ਨੇ ਦਾਤਰ ਨਾਲ ਹਮਲਾ ਕਰ ਦਿੱਤਾ ਅਤੇ ਮੋਟਰ ਸਾਈਕਲ ਲੈ ਕੇ ਨਿਕਲ ਗਏ। ਪੁਲਸ ਆਸ-ਪਾਸ ਦੇ ਸੀ ਸੀ ਟੀ ਵੀ ਕੈਮਰਿਆਂ ਦੀ ਫੁਟੇਜ ਫੋਲਦੀ ਪਈ ਹੈ।

## ਅਭਿਸ਼ੇਕ ਬੱਚਨ ਨੇ ਨਕਲੀ ਅੰਗੂਠੀ ਨਾਲ ਐਸ਼ ਨੂੰ ਕੀਤਾ ਸੀ ਪ੍ਰਪੋਜ਼

ਮੁੰਬਈ, 6 ਫਰਵਰੀ (ਪੋਸਟ ਬਿਊਰੋ)- ਬਾਲੀਵੁੱਡ ਦੇ ਜੂਨੀਅਰ ਬੀ ਅਭਿਸ਼ੇਕ ਬੱਚਨ ਨੇ ਦੱਸਿਆ ਹੈ ਕਿ ਉਨ੍ਹਾਂ ਨੇ ਨਕਲੀ ਅੰਗੂਠੀ ਨਾਲ ਐਸ਼ਵਰਿਆ ਰਾਏ ਨੂੰ ਪ੍ਰਪੋਜ਼ ਕੀਤਾ ਸੀ। ਵਰਨਣ ਯੋਗ ਹੈ ਕਿ ਅਭਿਸ਼ੇਕ ਅਤੇ ਐਸ਼ਵਰਿਆ ਰਾਏ ਦੀ ਜੋੜੀ ਬਾਲੀਵੁੱਡ ਦੀਆਂ ਪ੍ਰਫੈਕਟ ਜੋੜੀਆਂ ਵਿੱਚੋਂ ਇੱਕ ਹੈ। ਅਭਿਸ਼ੇਕ ਨੇ ਦੱਸਿਆ ਕਿ ਉਨ੍ਹਾਂ ਨੇ ਐਸ਼ ਨੂੰ ਸਾਲ 2007 ਵਿੱਚ ਇੱਕ ਅੰਗੂਠੀ ਨਾਲ ਪ੍ਰਪੋਜ਼ ਕੀਤਾ, ਪਰ ਉਹ ਅੰਗੂਠੀ ਡਾਇਮੰਡ ਜਾਂ ਗੋਲਡ ਦੀ ਨਹੀਂ, ਨਕਲੀ ਸੀ। ਅਭਿਸ਼ੇਕ ਨੇ ਐਸ਼ਵਰਿਆ ਨੂੰ ਨਕਲੀ ਅੰਗੂਠੀ ਦੇਣ ਦੀ ਵਜ੍ਹਾ ਦੱਸੀ। ਉਸ ਵਕਤ ਅਭਿਸ਼ੇਕ ਅਤੇ ਐਸ਼ਵਰਿਆ ਫਿਲਮ 'ਗੁਰੂ' ਦੀ ਸ਼ੂਟਿੰਗ ਕਰ ਰਹੇ ਸਨ। ਦੋਵੇਂ ਸ਼ੂਟਿੰਗ ਵਿੱਚ ਇੰਨੇ ਬਿਜ਼ੀ ਸਨ ਕਿ ਅਭਿਸ਼ੇਕ ਨੂੰ ਅੰਗੂਠੀ ਖਰੀਦਣ ਦਾ ਟਾਈਮ ਨਹੀਂ ਮਿਲਿਆ। ਇਸ ਕਾਰਨ ਉਨ੍ਹਾਂ ਨੇ ਸ਼ੂਟਿੰਗ ਦੇ ਲਈ ਯੂਜ਼ ਹੋ ਰਹੀ ਨਕਲੀ ਰਿੰਗ ਦੇ ਕੇ ਐਸ਼ਵਰਿਆ ਨੂੰ ਪ੍ਰਪੋਜ਼ ਕੀਤਾ ਸੀ। ਅਭਿਸ਼ੇਕ ਨੇ ਟੋਰਾਂਟੋ ਵਿੱਚ ਫਿਲਮ ਦੇ ਪ੍ਰੀਮੀਅਰ ਦੇ ਬਾਅਦ ਆਪਣੇ ਹੋਟਲ ਰੂਮ ਦੀ ਬਾਲਕਨੀ ਵਿੱਚ ਐਸ਼ ਨੂੰ ਪ੍ਰਪੋਜ਼ ਕੀਤਾ ਸੀ। ਅਭਿਸ਼ੇਕ ਤੇ ਐਸ਼ਵਰਿਆ ਦੀ ਮੁਲਾਕਾਤ ਪਹਿਲੀ ਵਾਰ ਸਾਲ 2000 ਵਿੱਚ ਹੋਈ, ਜਦ ਉਹ ਫਿਲਮ 'ਢਾਈ ਅੱਖਰ ਪ੍ਰੇਮ ਕੇ' ਦੀ ਸ਼ੂਟਿੰਗ ਕਰ ਰਹੇ ਸਨ। ਦੋਵਾਂ ਨੇ ਇਸੇ ਸਾਲ ਫਿਲਮ 'ਕੁਛ ਨਾ ਕਹੋ' ਵਿੱਚ ਵੀ ਕੰਮ ਕੀਤਾ ਸੀ। ਹੁਣ ਤੱਕ ਇਨ੍ਹਾਂ ਦੇ ਵਿੱਚ ਸਿਰਫ ਚੰਗੀ ਦੋਸਤੀ ਹੀ ਸੀ।


ਆਓ ਸੱਤ ਸਮੁੰਦਰੋਂ ਪਾਰ ਵਾਲਿਆਂ ਦਾ ਵੀ ਸੋਚੀਏ
Super Visa
- How your spouse can join you within 4-6 months
- How your parents can join you
- How students & skilled people can come to Canada
- How international Students & Foreign workers can get their immigration
We do appeal for Refusal cases also
Sponsor Your Family
MacroGlobal Immigration Services Ltd.
Seema Bhayana
ICCRC
Ph: 905 452 0000, 905 452 9999
180 Wilkinson Road, Unit 18 Brampton, ON L6T 4M3
Fax: 905 452 9996 Email: macroglobal@rogers.com
www.macroimmigration.com

"Quality is our strength."
SKYDOME GROUP OF COMPANIES
WE DEAL WITH ALL INSURANCE COMPANIES
MINISTRY APPROVED SALVAGE INSPECTION STATION
Body Centre
Inderjit Singh
Daljit Singh
308 Rutherford Road Brampton
905-874-9878
Skydome Emission & Allignment Centre Inc.
210 Rutherford Rd., Brampton
905-450-9878
QUALITY USED CARS
STAFFORD TRUCK CENTRE
30 Stafford Dr., Brampton, Tel: 905-460-1414
HEAD OFFICE: 905-874-9878
Toll Free: 1-877-799-9878, www.skydomeauto.ca

Paramjit Deol
Broker
CELL: 416-993-7378
7071 Airport Rd, Suit 201, Mississauga, ON
1. For top dollars, fast sale, Call Paramjit Deol
2 .New listings urgently needed in your area.
3. Qualified buyers waiting!!
4. Sell your Property in 60 days guaranteed.
5. Low commission packages available
Century 21 Leading Edge Realty Ltd Brokerage* Independently Owned and Operated.
Tel:905-405-8484
www.paramjitdeol.com
Email: pdeol3@yahoo.ca
Your neighborhood broker, Call Paramjit Deol Today





Business for Sale

TORONTO $99,000 — 2481 Lakeshore Blvd W.: ਬਹੁਤ ਹੀ ਵਧੀਆ ਚਲ ਰਿਹਾ ਰੇਸਟੋਰਾਂਟ, ਕਾਰੋਬਾਰ ਸ਼ੁਰੂ ਕਰਨ ਦਾ ਵਧੀਆ ਮੌਕਾ। ਹਾਈ ਟਰੇਫਿਕ ਫਲੋ। ਬਹੁਤ ਹੀ ਘੱਟ ਰੈਂਟ ਸਿਰਫ $3,600 ਅਤੇ ਸੇਲ $7,000 ਪ੍ਰਤੀ ਹਫ਼ਤਾ,ਕਈ ਸਾਲਾਂ ਤੋਂ ਚਲ ਰਿਹਾ, ਵਧੀਆ ਪਲਾਜ਼ੇ ਚ ਤੇ ਹੋਰ ਵੀ ਬਹੁਤ ਕੁਝ।

TORONTO $140,000 — 1051 Midland Ave : ਕਾਰੋਬਾਰ ਲਈ ਬਹੁਤ ਹੀ ਵਧੀਆ ਲੋਕੇਸ਼ਨ ਤੇ ਪਿਜ਼ਾ ਸ਼ਾਪ ਜਿਸ ਦੀ ਆਮਦਨ $15,000/ਮਹੀਨਾ, ਬਹੁਤ ਹੀ ਘੱਟ ਰੈਂਟ ਸਿਰਫ $1,525/ਮਹੀਨਾ, ਤੇ ਹੋਰ ਵੀ ਬਹੁਤ ਕੁਝ, ਅੱਜ ਹੀ ਆਪਣਾ ਕਾਰੋਬਾਰ ਸ਼ੁਰੂ ਕਰੋ ।

TORONTO $69,000 — 256 Brownsline Rd : ਬਹੁਤ ਹੀ ਵਧੀਆ ਚੱਲ ਰਿਹਾ ਵੀਅਤਨਾਮੀ ਤੇ ਥਾਈ ਰੈਸਟੋਰੈਂਟ, ਡੌਂਗ ਜੀਆ ਸੇਲ ਤੇ, ਵਧੀਆ ਲੋਕੇਸ਼ਨ, ਹਾਈ ਟ੍ਰੈਫਿਕ ਫਲੋਂ, ਬਹੁਤ ਹੀ ਘੱਟ ਰੈਂਟ, $1,800 ਪ੍ਰਤੀ ਮਹੀਨਾ। ਅੱਜ ਹੀ ਆਪਣਾ ਕਾਰੋਬਾਰ ਸ਼ੁਰੂ ਕਰੋ।

BRAMPTON $54,900 — 255B Rutherford Rd S 06: ਵਧੀਆ ਚਲ ਰਿਹਾ ਬਿਜ਼ਨਸ, ਕਾਰੋਬਾਰ ਸ਼ੁਰੂ ਕਰਨ ਦਾ ਵਧੀਆ ਮੌਕਾ। ਬਹੁਤ ਹੀ ਘੱਟ ਰੈਂਟ ਅਤੇ ਸੇਲ $25,000 ਪ੍ਰਤੀ ਮਹੀਨਾ। 4 ਅਲਾਇੰਨਮੈਂਟ ਸਪੋਟਸ, ਐਅਰ ਕੰਪਰੈਸਰ, ਟਾਇਰ ਚੇਨਜਰ, ਵੀਲ ਬੈਲੇਂਸਰ, ਹੋਰ ਵੀ ਬਹੁਤ ਕੁਝ।

BRAMPTON $199,000 — 8770 Gore Rd 6: ਬਹੁਤ ਹੀ ਵਧੀਆ ਚਲ ਰਿਹਾ ਸ੍ਰੀ ਲਨਕਣ ਤੇ ਇੰਡੀਅਣ ਰੈਸਟੋਰੈਂਟ ਵਿਕਾਊ ਹੈ, ਪਰਾਈਮ ਲੋਕੇਸ਼ਨ ਅਤੇ $30000 ਤੋਂ ਵੱਧ ਸੇਲ, ਬਹੁਤ ਹੀ ਘੱਟ ਰੈਂਟ ਸਿਰਫ $3575/ਮਹੀਨਾ। ਹਾਈ ਟਰੇਫਿਕ ਫਲੌਂ, ਅੱਜ ਹੀ ਆਪਣਾ ਕਾਰੋਬਾਰ ਸ਼ੁਰੂ ਕਰ ਸਕਦੇ ਹੋ।

MISSISSAUGA $159,900 — 2960 Drew Rd E 137: ਅੱਜ ਹੀ ਆਪਣਾ ਕਾਰੋਬਾਰ ਸ਼ੁਰੂ ਕਰੋ, ਵਧੀਆ ਚੱਲ ਰਹੀ ਪਿਜਾ ਸ਼ਾਪ ਵਿਕਾਊ ਹੈ, ਪਰਾਈਮ ਲੋਕੇਸ਼ਨ ਅਤੇ $50,000 ਤੋਂ ਵੱਧ ਸੇਲ। ਬਹੁਤ ਹੀ ਘੱਟ ਰੈਂਟ ਸਿਰਫ $3051, ਹਾਈ ਟਰੇਫਿਕ ਫਲੌ, ਅੱਜ ਹੀ ਕਾਲ ਕਰੋ।

BRAMPTON $240,000 — 15 Ashby Field Rd 9: ਲੰਘ ਗਿਆ ਸਮਾਂ ਹੱਥ ਨਹੀ ਆਉਣਾ, ਬਹੁਤ ਹੀ ਵਧੀਆ ਚੱਲ ਰਹੀ ਪਿਜ਼ਾ ਸ਼ਾਪ, ਹਾਈ ਟ੍ਰੈਫਿਕ ਫਲੌਂ, ਘਰਾਂ ਦੇ ਨੇੜੇ, ਅੱਜ ਹੀ ਕਾਲ ਕਰੋ।

BRAMPTON $369,000 — 15 Brisdale Dr 7&8 : ਹੱਥੋ ਲੰਘ ਗਿਆ ਸਮਾਂ ਵਾਪਿਸ ਨਹੀ ਆਉਣਾ, ਅੱਜ ਹੀ ਆਪਣਾ ਕਾਰੋਬਾਰ ਸ਼ੁਰੂ ਕਰੋ,ਬਹੁਤ ਹੀ ਵਧੀਆ ਚਲ ਰਹੀ ਬਾਰ/ਪੱਬ ਵਿਕਾਊ ਹੈ। ਬਹੁਤ ਹੀ ਬਿਜੀ ਪਲਾਜਾ ਅਤੇ ਆਮਦਨ $70,000/ਮਹੀਨਾ, ਆਦਿ।

House for Sale

BRANTFORD $525,000 — 118&120 Morrell St: ਬਹੁਤ ਹੀ ਵਧੀਆ ਲੋਕੇਸ਼ਨ ਤੇ, 3+1 ਬੈਡਰੂਮ ਅਪਾਰਟਮੈਂਟ, ਵਧੀਆ ਰੌਸ਼ਨੀ, ਸਾਰੀਆਂ ਸਹੂਲਤਾਂ ਦੇ ਨੇੜੇ।

BRAMPTON $349,000 — 4 Kings Cross Rd : ਬਹੁਤ ਹੀ ਵਧੀਆ ਲੋਕੇਸ਼ਨ ਤੇ ਬਣਿਆ 1+1 ਬੈਡਰੂਮ ਅਤੇ 1 ਵਾਸ਼ਰੂਮ ਦਾ ਕਾਂਡੋ ਅਪਾਰਟਮੈਂਟ । ਮਾਡਰਨ ਕਿਚਨ, ਬਰੈਮਲੀ ਸਿਟੀ ਸੈਂਟਰ ਦੇ ਨੇੜੇ, ਗੋ ਸਟੇਸ਼ਨ, ਸ਼ਾਪਿੰਗ ਪਲਾਜ਼ਾ, ਮਾਲ ਆਦਿ ਸਹੂਲਤਾਂ ਦੇ ਨੇੜੇ।

BRAMPTON $699,900 — 3328 Victoria Ave.: ਬਹੁਤ ਹੀ ਵਧੀਆ ਤੇ ਸਾਫ ਸੁਥਰਾ 3+1 ਬੈਡਰੂਮ ਅਤੇ 3 ਵਾਸ਼ਰੂਮ ਘਰ, ਹਾਰਡਵੁਡ ਫਲੌਰ, ਫਿਨੀਸ਼ਡ ਬੇਸਮੈਂਟ, ਸੇਪਰੇਟ ਕਿਚਨ ਅਤੇ ਹੋਰ ਵੀ ਬਹੁਤ ਕੁਝ।

BRAMPTON $789,000 — 29 Larkspur Rd.: ਬਹੁਤ ਹੀ ਸੋਹਣਾ 3+2 ਬੈਡਰੂਮ ਅਤੇ 4 ਵਾਸ਼ਰੂਮ ਦਾ ਡਿਟੈਚਡ ਘਰ, ਹਾਈ ਡਿਮਾਂਡ ਏਰੀਆ, ਮਾਡਰਨ ਕਿਚਨ,ਮਾਸਟਰ ਬੈਡਰੂਮ ਨੂੰ 5 ਪਿਸ ਇੰਨ ਸੂਟ, ਫਿਨਿਸ਼ਡ ਬੇਸਮੈਂਟ, ਹਾਰਡਵੂਡ ਫਲੋਰ, ਆਦਿ ਸਹੂਲਤਾਂ ਦੇ ਨੇੜੇ ।

BRAMPTON $179,000 — 384 Yonge St.11 : ਬਹੁਤ ਹੀ ਵਧੀਆ ਲੋਕੇਸ਼ਨ ਤੇ, ਬਿਜਨਸ ਸ਼ੁਰੂ ਕਰਨ ਦਾ ਵਧੀਆ ਮੌਕਾ। ਹਾਈ ਟਰੇਫਿਕ ਫਲੌ। ਇੰਡੋਰ ਰਿਟੇਲ ਸ਼ਾਪ, ਨਵਾਂ ਸਬਵੇ ਬਣਨ ਵਾਲੇ ਦੇ ਨੇੜੇ, ਹਾਰਡਵੂਡ ਫਲੌਰ, ਅਜ ਹੀ ਆਪਣਾ ਕਾਰੋਬਾਰ ਸ਼ੁਰੂ ਕਰੋ ।

TORONTO $899,000 — Keele / Finch/York Univeristy: ਬਹੁਤ ਹੀ ਸੋਹਣਾ 7+3 ਬੈਡਰੂਮ ਅਤੇ 11 ਵਾਸ਼ਰੂਮ ਦਾ ਡੀਟੈਚਡ ਡਬਲ ਸਟੋਰੀ ਘਰ, ਬਹੁਤ ਸਾਰੇ ਅਪਗਰੇਡਜ਼, ਬਹੁਤ ਹੀ ਵਧੀਆ ਲੋਕੇਸ਼ਨ, ਹਾਈ ਡਿਮਾਂਡ ਏਰੀਆ, ਰਿਟੇਲ ਇਨਕਮ $6400, ਪਹਿਲੀ ਵਾਰ ਘਰ ਖਰੀਦਣ ਵਾਲਿਆਂ ਲਈ, ਜਰੂਰ ਦੇਖੋ !!

BRAMPTON $910,000 — 18 Berwick Ave: ਬਹੁਤ ਹੀ ਸਾਫ ਸੁਥਰਾ 4+2 ਬੈਡਰੂਮ, 4 ਵਾਸ਼ਰੂਮ ਦਾ ਡਿਟੈਚਡ ਡਬਲ ਸਟੋਰੀ ਘਰ, ਰੈਨੋਵੇਟਡ ਘਰ, ਹਾਰਡਵੂਡ ਫਲੌਰ, ਰੈਨੋਵੇਟਡ ਬੈਸਮੈਂਟ ਸਟੇਨਲੈਸ ਸਟੀਲ ਅਪਲਾਇੰਸਸ, ਸਕੂਲ, ਸਹੂਲਤਾਂ ਦੇ ਨੇੜੇ।

CALEDON $1,009,999 — Mayfield & McVeen : ਬਹੁਤ ਹੀ ਵਧੀਆ 3+1 ਬੈਡਰੂਮ ਅਤੇ 3 ਵਾਸ਼ਰੂਮ ਦਾ ਡਿਟੈਚਡ ਬੰਗਲੋ, ਫੂਲੀ ਅਪਗ੍ਰੇਡਡ, ਹਾਰਡਵੂਡ ਫਲੌਰ, ਫਿਨੀਸ਼ਡ ਬੇਸਮੈਂਟ, ਬਹੁਤ ਹੀ ਵਡਾ ਗਰਾਜ, ਆਦਿ ਸਹੂਲਤਾਂ ਦੇ ਨੇੜੇ।

*Canadian punjabi post assumes no responsibility for the accuracy of any information shown. Copyright Ppost 2019

# ਸਿਡਨੀ ਵਿੱਚ ਪੰਜਾਬੀ ਕੌਂਸਲ ਵੱਲੋਂ ਸੁੱਖੀ ਬਾਠ ਅਤੇ ਅਮਰੀਕ ਪਲਾਹੀ ਦਾ ਸਨਮਾਨ ਅਤੇ ਸੈਮੀਨਾਰ



ਸਿਡਨੀ, 6 ਫਰਵਰੀ (ਪੋਸਟ ਬਿਊਰੋ): ਆਸਟਰੇਲੀਆ ਦੇ ਸੂਬੇ ਨਿਊ ਸਾਊਥ ਵੇਲਜ਼ ਵਿੱਚ ਲੰਬੇ ਅਰਸੇ ਤੋਂ ਪੰਜਾਬੀ ਸਾਹਿਤ ਅਤੇ ਸਭਿਆਚਾਰ ਲਈ ਸਰਗਰਮ ਪੰਜਾਬੀ ਕੌਂਸਲ ਆਫ਼ ਆਸਟਰੇਲੀਆ ਵੱਲੋਂ ਪ੍ਰਭਜੋਤ ਸਿੰਘ ਸੰਧੂ ਦੀ ਅਗਵਾਈ ਵਿੱਚ ਪੰਜਾਬ ਭਵਨ ਟੀਮ ਦਾ ਭਰਵਾਂ ਸਵਾਗਤ ਕੀਤਾ ਗਿਆ । ਆਪਣੀ ਆਸਟਰੇਲੀਆ ਫੇਰੀ ਦੌਰਾਨ ਸੈਮੀਨਾਰ ਲੜੀ ਦੇ ਦੂਸਰੇ ਸਮਾਗਮ ਤਹਿਤ ਅੱਜ ਸਿਡਨੀ ਸ਼ਹਿਰ ਦੇ ਹਵੇਲੀ ਫੰਕਸ਼ਨ ਹਾਲ ਵਿੱਚ ਸੁੱਖੀ ਬਾਠ ਅਤੇ ਅਮਰੀਕ ਪਲਾਹੀ ਦਾ ਸਨਮਾਨ ਅਤੇ ਸੈਮੀਨਾਰ ਆਯੋਜਿਤ ਕੀਤਾ ਗਿਆ ।

ਆਸਟਰੇਲੀਆ ਵਿੱਚ ਪਿਛਲੇ ਦੋ ਦਹਾਕਿਆਂ ਤੋਂ ਪੰਜਾਬੀ ਭਾਈਚਾਰੇ ਵਿੱਚ ਚੋਖਾ ਵਾਧਾ ਹੋਇਆ ਹੈ । ਇਸ ਲਈ ਪੰਜਾਬੀ ਸਾਹਿਤ, ਸਭਿਆਚਾਰ ਅਤੇ ਮਾਤ-ਭਾਸ਼ਾ ਦੇ ਪਾਸਾਰ ਅਤੇ ਸਰਗਰਮੀਆਂ ਲਈ ਹੋ ਰਹੇ ਯਤਨਾਂ ਵਿੱਚ ਵੀ ਵਾਧਾ ਹੋਇਆ ਹੈ । ਇਸ ਇਤਿਹਾਸਕ ਫੇਰੀ ਦੌਰਾਨ ਸੁੱਖੀ ਬਾਠ ਨੇ ਇਨ੍ਹਾਂ ਮਿਲਣੀਆਂ ਨੂੰ ਗਲੋਬਲੀ ਪੰਜਾਬ ਦੇ ਸੰਦਰਭ ਵਿੱਚ ਬਹੁਤ ਅਹਿਮ ਦੱਸਦਿਆਂ ਅਤੇ ਔਜ਼ੀ-ਕਨੇਡੀਅਨ ਪੰਜਾਬੀ ਸਾਂਝ ਦਾ ਹਾਸਲ ਕਿਹਾ । ਅਮਰੀਕ ਪਲਾਹੀ ਨੇ ਯੁਵਾ ਵਰਗ ਨੂੰ ਦਿਸ਼ਾ ਅਤੇ ਦ੍ਰਿਸ਼ਟੀ ਦੇਣ ਲਈ ਸਾਹਿਤ ਅਤੇ ਵਿਰਸੇ ਦੀ ਭੂਮਿਕਾ ਦਾ ਉਲੇਖ ਕੀਤਾ । ਇਸ ਪ੍ਰਭਾਵਸ਼ਾਲੀ ਸਮਾਗਮ ਵਿੱਚ ਪੰਜਾਬੀ ਕੌਂਸਲ ਆਫ਼ ਆਸਟਰੇਲੀਆ ਵੱਲੋਂ ਸੁੱਖੀ ਬਾਠ ਨੂੰ ਉਨਾਂ ਦੇ ਪੰਜਾਬੀਅਤ ਲਈ ਕੀਤੇ ਜਾ ਰਹੇ ਵਿਸ਼ਵੀ ਉਪਰਾਲਿਆਂ ਲਈ ਪੰਜਾਬੀਅਤ ਦਾ ਮਾਣ ਪੁਰਸਕਾਰ ਨਾਲ ਨਿਵਾਜਿਆ ਗਿਆ ਅਤੇ ਵਿਸ਼ਵ ਪੱਧਰ ਤੇ ਹੋ ਰਹੇ ਹਰ ਉਪਰਾਲੇ ਲਈ ਸਹਿਯੋਗ ਦੀ ਵਚਨਬੱਧਤਾ ਦੁਹਰਾਈ । ਇਸ ਸੈਮੀਨਾਰ ਵਿੱਚ ਹੋਰਨਾਂ ਤੋਂ ਇਲਾਵਾ ਕੌਂਸਲਰ ਡਾ. ਮਨਿੰਦਰ ਸਿੰਘ, ਬਲਰਾਜ ਸਿੰਘ ਸੰਘਾ, ਮਨਧੀਰ ਸਿੰਘ ਸੰਧਾ, ਰਾਜਵੰਤ ਸਿੰਘ ਅਤੇ ਡਿੰਪੀ ਸੰਧੂ ਆਦਿ ਪ੍ਰਮੁੱਖ ਹਸਤੀਆਂ ਨੇ ਸ਼ਿਰਕਤ ਕੀਤੀ ਅਤੇ ਆਪਣੇ ਵਿਚਾਰ ਰੱਖੇ ।

# ਰੂਬੀ ਸਹੋਤਾ ਵੱਲੋਂ ਜੌਬ ਮੋਬਾਇਲ ਐਪਲੀਕੇਸ਼ਨਾਂ ਲੈਣ ਦੀ ਸ਼ੁਰੂਆਤ ’ਤੇ ਖੁਸ਼ੀ ਦਾ ਪ੍ਰਗਟਾਵਾ

ਬਰੈਂਪਟਨ -ਸਰਕਾਰ ਦੇ ਸਰੋਤ ਜਦੋਂ ਵੀ ਤੇ ਜਿੱਥੇ ਵੀ ਉਪਲੱਬਧ ਹਨ, ਦੀ ਕੈਨੇਡਾ-ਵਾਸੀਆਂ ਨੂੰ ਜ਼ਰੂਰਤ ਹੈ। ਏਸੇ ਲਈ ਬਰੈਂਪਟਨ ਦੀ ਮੈਂਬਰ ਪਾਰਲੀਮੈਂਟ ਰੂਬੀ ਸਹੋਤਾ ਕੈਨੇਡਾ ਦੇ ਐਂਪਲਾਇਮੈਂਟ, ਵਰਕਫ਼ੋਰਸ ਤੇ ਲੇਬਰ ਮੰਤਰੀ ਮਾਣਯੋਗ ਪੈਤੀ ਹੱਡਜੂ ਦੀ ਤਰਫ਼ੋਂ ਜੌਬ ਮੋਬਾਇਲ ਐਪਲੀਕੇਸ਼ਨਾਂ ਲੈਣ ਦੀ ਸ਼ੁਰੂਆਤ ਕਰਨ ਦੀ ਖ਼ੁਸ਼ੀ ਪ੍ਰਾਪਤ ਕਰ ਰਹੀ ਹੈ। ਇਹ ਕੈਨੇਡਾ ਦੀ ਸਰਕਾਰ ਦਾ ਕੈਨੇਡਾ-ਵਾਸੀਆਂ ਨੂੰ ਡਿਜੀਟਲ ਸੇਵਾਵਾਂ ਦੇਣਾ ਅਗਲਾ ਕਦਮ ਹੈ।

ਇਹ 'ਜੌਬ ਬੈਂਕ' ਦੋ-ਭਾਸ਼ਾਈ ਫ਼ਰੀ ਵੈੱਬਸਾਈਟ ਹੈ ਜੋ ਕੈਨੇਡੀਅਨਾਂ ਨੂੰ ਆਪਣੇ ਕਰੀਅਰ ਲਈ ਫ਼ੈਸਲੇ ਕਰਨ ਲਈ ਨੌਕਰੀਆਂ ਤਲਾਸ਼ ਕਰਨ ਵਿਚ ਮਦਦ ਦੇਣ ਲਈ ਸਮੇਂ-ਸਿਰ, ਭਰੋਸੇਯੋਗ ਅਤੇ ਕੰਪਰੀਹੈਂਸਿਵ ਜੌਬ-ਮਾਰਕੀਟ ਇਨਫ਼ਰਮੇਸ਼ਨ ਦੇਵੇਗੀ।

ਐਪ ਸਟੋਰ ਅਤੇ ਗੂਗਲ ਪਲੇਅ ਉੱਪਰ ਉਪਲੱਬਧ ਇਹ ਐਪ ਸਕਿਓਰ, ਸਧਾਰਨ ਅਤੇ ਇਕ ਦੂਸਰੇ ਨਾਲ ਜੁੜਿਆ ਹੋਇਆ ਤਜਰਬਾ ਪ੍ਰਦਾਨ ਕਰਦੀ ਹੈ ਜੋ ਸਾਈਟ ਦੇ ਹਰਮਨ-ਪਿਆਰੇ ਮੁੱਖ ਫ਼ੀਚਰਾਂ 'ਜੌਬ ਸਰਚ' ਅਤੇ 'ਜੌਬ ਅਲੱਰਟਸ' ਵੱਲ ਧਿਆਨ ਕੇਂਦ੍ਰਿਤ ਕਰਦੀ ਹੈ। ਇਸ ਦੀ ਵਰਤੋਂ ਕਰਨ ਵਾਲੇ ਇਨ੍ਹਾਂ ਦੀ ਸਹਾਇਤਾ ਨਾਲ ਲੱਖਾਂ ਨੌਕਰੀਆਂ ਤੱਕ ਪਹੁੰਚ ਕਰ ਸਕਦੇ ਹਨ। ਸਾਲ 2018 ਦੇ ਸ਼ੁਰੂ ਵਿਚ ਹੀ ਆਰੰਭ ਹੋਈ ਇਹ ਐਪ 50,000 ਤੋਂ ਵਧੇਰੇ ਡਾਊਨਲੋਡਜ਼ ਅਤੇ 438,000 ਜੌਬ ਸਰਚਿਜ਼ ਰਾਹੀਂ ਹਰਮਨ-ਪਿਆਰੀ ਹੋ ਚੁੱਕੀ ਹੈ।

ਇਹ ਨਵੀਂ ਐਪ ਹੇਠ-ਲਿਖੀਆਂ ਸਹੂਲਤਾਂ ਵੀ ਦਿੰਦੀ ਹੈ:

- ਈਜ਼ੀ ਔਨ 'ਦ ਗੋ ਜੌਬ ਸਰਚਿੰਗ
- ਕੈਨੇਡਾ-ਭਰ ਵਿਚ ਅਰਜ਼ੀ-ਕਰਤਾਵਾਂ ਨੂੰ ਕੱਸਟੋਮਾਈਜ਼ਡ ਜੌਬ ਸਰਚ
- ਕਿਸੇ ਖ਼ਾਸ ਸਥਾਨਿਕ ਇਲਾਕਿਆਂ ਵਿਚ ਨੌਕਰੀਆਂ ਲੱਭਣ ਲਈ 'ਜੀਓ-ਲੋਕੇਸ਼ਨ
- ਭਵਿੱਖ-ਮਈ ਅਰਜੀਆਂ ਲਈ 'ਫ਼ੇਵਰਟੀਜ਼-ਸਿਟ' ਵਿਚ ਹੋਰ ਨੌਕਰੀਆਂ ਸ਼ਾਮਲ ਕਰਨ ਲਈ ਸਹੂਲਤ
- ਨੌਕਰੀਆਂ ਦਾ ਨਿਰੀਖਣ ਕਰਨ ਲਈ ਫ਼ਰੀ ਤੇ ਸਕਿਓਰ ਸਪੇਸ
- ਨੌਕਰੀਆਂ ਦੇਣ ਵਾਲਿਆਂ ਵੱਲੋਂ ਨੌਕਰੀ-ਅਭਿਲਾਸ਼ੀਆਂ ਨੂੰ ਨੌਕਰੀਆਂ ਦੇਣ ਲਈ ਨਵਾਂ ਪਲੇਟਫ਼ਾਰਮ

ਇਸ ਦੇ ਬਾਰੇ ਆਪਣੇ ਵਿਚਾਰ ਪੇਸ਼ ਕਰਦਿਆਂ ਹੋਇਆਂ ਐੱਮ.ਪੀ. ਰੂਬੀ ਸਹੋਤਾ ਨੇ ਕਿਹਾ,"ਜੌਬ ਬੈਂਕ ਰਾਹੀਂ ਕੈਨੇਡਾ-ਵਾਸੀ ਆਪਣੇ ਪ੍ਰਾਪਤ ਕੀਤੇ ਹੋਏ ਸਕਿੱਲਾਂ ਦੇ ਮੁਤਾਬਕ ਹਜ਼ਾਰਾਂ ਹੀ ਨੌਕਰੀਆਂ ਤੱਕ ਪਹੁੰਚ ਕਰ ਰਹੇ ਹਨ। ਹੋਰ ਕਈ ਢੰਗਾਂ-ਤਰੀਕਿਆਂ ਦੇ ਨਾਲ ਨਾਲ ਇਹ ਜੌਬ ਬੈਂਕ ਐਪ ਇਕ ਅਜਿਹਾ ਸਾਧਨ ਹੈ ਜਿਸ ਦੁਆਰਾ ਸਰਕਾਰ ਇਹ ਯਕੀਨੀ ਬਨਾਉਣਾ ਚਾਹੁੰਦੀ ਹੈ ਕਿ ਕੈਨੇਡਾ-ਵਾਸੀ ਉਹ ਨੌਕਰੀਆਂ ਪ੍ਰਾਪਤ ਕਰਨ ਜਿਨ੍ਹਾਂ ਦੀ ਉਨ੍ਹਾਂ ਨੂੰ ਜ਼ਰੂਰਤ ਹੈ। ਉਹ ਇਕ ਉਚੇਰੀ ਸਕਿੱਲਡ ਵਰਕ ਫ਼ੋਰਸ ਬਨਾਉਣ ਅਤੇ ਚੰਗੇਰੀਆਂ ਨੌਕਰੀਆਂ ਦੇ ਨਾਲ ਜੁੜਨ।"




PUNJAB SINDH FINANCE
TRUCK/TRAILER LOAN & REFINANCE
PUNJABSINDH FINANCE – PSF – EVERY $ MAKES A DIFFERENCE

ਨਵੇਂ ਪੁਰਾਣੇ ਟ੍ਰਕਾਂ/ਟ੍ਰੈਲਰਾਂ ਦੀ ਕੁਝ ਹੀ ਘੰਟਿਆਂ ਵਿੱਚ Financing/Refinancing ਦਾ ਪੂਰਾ ਪ੍ਰਬੰਦ

- Quick Loan Approval Guranteed
- Bad credit........ No Problem
- Low Down Payment
- Lowest Rate of Interest
- Paper Work...... Minimum
- Best Flexible Terms & Conditions

Gary Chatha
President
647.227.3385
info@punjabsindhfinance.com
905.440.0000

6665 Tomken Rd #202, Mississauga, ON L5T 2C5 (Tomken/Midway)



Tax & Accounting

ਟੈਕਸ ਕਿਵੇਂ ਤੇ ਕਿਥੇ ਬਚਾਇਆ ਜਾ ਸਕਦਾ ਹੈ?

- TAX
- HST REBATE
- CORPORATION SET UP
- ACCOUNTING
- BUSINESS LOAN

CA Chartered Accountants of Canada
CPA Chartered Professional Accountants

info@cagrover.com



ਇਮਾਨਦਾਰ ਤੇ ਭਰੋਸੇ ਯੋਗ ਸੇਵਾਵਾਂ ਲਈ ਕਾਲ ਕਰੋ:905.247.0193

148-2960 Drew Road, Mississauga ON L4T 0A5 | Harcharan S. Grover



Real Estate Exam Prep

ਰਿਐਲਟਰ ਬਣਨ ਦਾ ਸੁਨਿਹਰੀ ਮੌਕਾ,
ਲੰਘ ਗਿਆ ਸਮਾਂ ਹੱਥ ਨਹੀਂ ਆਉਣਾ

The Rules are changing
For Real Estate Licence

It will become a Full Time College course soon!
To Avoid going to college for 2-3 Years, Join Now

Call: 647-625-7961

Pass each exam in just 2 weeks
- Easy to Understand Material
- Important Practice Questions
- Limited Summarized Material




2250 Bovaird Dr E, Unit#407, Medical Building
Behind RBC, Sunny Meadow/Bovaird

# ਸੰਪਾਦਕੀ

## ਇੰਮੀਗਰੇਸ਼ਨ ਅਤੇ ਰੱਖਿਆ ਮੰਤਰੀਆਂ ਦੇ ਨਕਲੀ ਫੇਸਬੁੱਕ ਅਕਾਊਂਟਾਂ ਦੀ ਗਾਥਾ

'ਸੀ ਬੀ ਸੀ' ਦੀ ਪੱਤਰਕਾਰ ਜੂਡੀ ਟਰਿੰਨ ਨੇ ਕੱਲ ਇੱਕ ਖ਼ਬਰ ਛਾਪੀ ਜਿਸ ਵਿੱਚ ਕੈਨੇਡਾ ਦੇ ਇੰਮੀਗਰੇਸ਼ਨ ਮੰਤਰੀ ਅਹਿਮਦ ਹੁਸੈਨ ਦੇ ਨਾਮ ਉੱਤੇ ਨਕਲੀ ਫੇਸਬੁੱਕ ਅਕਾਊਂਟ ਬਣਾ ਕੇ ਰਿਫਿਊਜੀ ਬਣਨ ਦੇ ਚਾਹਵਾਨਾਂ ਨੂੰ ਠੱਗਣ ਦੀ ਗੱਲ ਸਾਹ-ਮਣੇ ਆਉਂਦੀ ਹੈ। ਇਸ ਨਕਲੀ ਅਕਾਊਂਟ ਬਾਰੇ 'ਸੀ ਬੀ ਸੀ' ਨੂੰ ਜਾਣਕਾਰੀ ਇਰਾਕ ਵਿੱਚ ਅਤਿਵਾਦੀਆਂ ਤੋਂ ਜਾਨ ਬਚਾ ਕੇ ਤੁਰਕੀ ਜਾ ਸ਼ਰਣ ਲੈਣ ਵਾਲੇ ਇਰਾਕੀ ਕੁਰਦ ਦਾਨਾ ਆਦਿਲ ਨੇ ਦਿੱਤੀ। ਚਾਰ ਬੱਚਿਆਂ ਦੇ ਪਿਤਾ 35 ਸਾਲਾ ਦਾਨਾ ਆਦਿਲ ਨੂੰ ਹਜ਼ਾਰਾਂ ਡਾਲਰ ਬਦਲੇ ਕੈਨੇਡਾ ਵਿੱਚ ਰਿਫਿਊਜੀ ਦਰਜ਼ਾ ਹਾਸਲ ਕਰਨ ਦੇ ਲੋਭ ਲਾਲਚ ਦਿੱਤੇ ਜਾ ਰਹੇ ਸਨ।

ਇਸ ਨਕਲੀ ਫੇਸਬੁੱਕ ਅਕਾਊਂਟ ਨੇ ਉਸ ਸਥਿਤੀ ਵੱਲ ਮੁੜ ਧਿਆਨ ਦੁਆਇਆ ਹੈ ਜੋ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਵੱਲੋਂ 'ਵੈਲਕਮ ਟੂ ਕੈਨੇਡਾ' ਵਰਗੇ ਟਵੀਟਾਂ ਕਾਰਣ ਪੈਦਾ ਹੋ ਜਾਂਦੀ ਹੈ। ਇੰਮੀਗਰੇਸ਼ਨ ਸਿਸਟਮ ਦੇ ਕੰਮ ਕਰਨ ਦੀ ਗੁੰਝਲਦਾਰ ਪ੍ਰਕਿਰਿਆ ਨੂੰ ਨਾ ਸਮਝਣ ਵਾਲੇ ਹਜ਼ਾਰਾਂ ਲੱਖਾਂ ਲੋਕ ਅਜਿਹੇ ਝੂਠੇ ਝਾਂਸਿਆਂ ਵਿੱਚ ਆ ਸਕਦੇ ਹਨ। ਇਹਨਾਂ ਝਾਂਸਿਆਂ ਸਦਕਾ ਉਹ ਵਿਚਾਰੇ ਕੈਨੇਡਾ ਵਰਗੇ ਖੁਸ਼ਹਾਲ ਮੁਲਕ ਵਿੱਚ ਆ ਕੇ ਚੰਗੇ ਜੀਵਨ ਦੀ ਝੂਠੀ ਆਸ ਵਿੱਚ ਆਪਣਾ ਘਰ ਬਾਰ ਤਿਆਗ ਸਕਦੇ ਹਨ। ਸੋਸ਼ਲ ਮੀਡੀਆ ਨੇ ਅੱਜ ਉਹ ਹਾਲਾਤ ਪੈਦਾ ਕਰ ਦਿੱਤੇ ਹਨ ਜਿੱਥੇ ਸੱਚਾਈ ਨਾਲੋਂ ਸੱਚ ਦਾ ਭਰਮ ਕਈ ਗੁਣਾ ਤੇਜ਼ ਰਫ਼ਤਾਰ ਨਾਲ ਦੁੜੰਗੇ ਲਾ ਦੇਂਦਾ ਹੈ।

ਯੂਨਾਈਟਡ ਨੇਸ਼ਨਜ਼ ਦੀ ਰਿਫੂਊਜੀ ਏਜੰਸੀ ਮੁਤਾਬਕ ਅੱਜ ਵਿਸ਼ਵ ਭਰ ਵਿੱਚ 6 ਕਰੋੜ 85 ਲੱਖ ਲੋਕ ਆਪਣੇ ਮੁਲਕਾਂ ਵਿੱਚ ਹੀ ਸ਼ਰਣਾਰਥੀ ਬਣੇ ਬੈਠੇ ਹਨ। 2 ਕਰੋੜ 54 ਲੱਖ ਉਹ ਲੋਕ ਹਨ ਜਿਹਨਾਂ ਨੇ ਆਪਣਾ ਮੁਲਕ ਛੱਡ ਕੇ ਹੋਰ ਮੁਲਕਾਂ ਵਿੱਚ ਸ਼ਰਣ ਲਈ ਹੋਈ ਹੈ ਅਤੇ 3 ਕਰੋੜ 10 ਲੱਖ ਲੋਕਾਂ ਨੇ ਰਿਫਿਊਜੀ ਬਣਨ ਲਈ ਅਰਜ਼ੀਆਂ ਦਿੱਤੀਆਂ ਹੋਈਆਂ ਹਨ। ਵਿਸ਼ਵ ਵਿੱਚ ਹਰ ਦੋ ਸਕਿੰਟਾਂ ਬਾਅਦ 1 ਵਿਅਕਤੀ ਜੰਗ ਜਾਂ ਅਤਿਵਾਦ ਕਾਰਣ ਆਪਣਾ ਘਰ ਛੱਡ ਕੇ ਉੱਜੜ ਰਿਹਾ ਹੈ।

ਇਹ ਅੰਕੜੇ ਦਿਲ ਦਹਿਲਾਉਣ ਵਾਲੇ ਹਨ ਪਰ ਸੋਚਣ ਵਾਲੀ ਗੱਲ ਹੈ ਕਿ ਇਹਨਾਂ ਹਾਲਾਤਾਂ ਵਿੱਚ ਫਸੇ ਲੋਕਾਂ ਨੂੰ ਕੈਨੇਡਾ ਵਰਗੇ ਮੁਲਕ ਦੇ ਇੰਮੀਗਰੇਸ਼ਨ ਮੰਤਰੀ ਦਾ ਫੇਸਬੁੱਕ ਅਕਾਊਂਟ ਕਿਹੋ ਜਿਹਾ ਗਲਤ ਪ੍ਰਭਾਵ ਦੇ ਸਕਦਾ ਹੈ ਜਾਂ ਕੌਣ ਜਾਣਦਾ ਹੈ ਕਿ ਕਿੰਨੇ ਲੋਕ ਝੂਠੀ ਆਸ ਵਿੱਚ ਫਰੇਬੀ ਏਜੰਟਾਂ ਦੇ ਧੱਕੇ ਚੜ ਹੀ ਚੁੱਕੇ ਹਨ? ਕੌਣ ਜਾਣਦਾ ਹੈ ਕਿ ਕੈਨੇਡਾ ਆਉਣ ਵਾਲੇ ਰਿਫਿਊਜੀਆਂ ਵਿੱਚ ਕਿੰਨੇ ਫਰਾਡੀ ਏਜੰਟਾਂ ਦੀ ਮਦਦ ਨਾਲ ਕੈਨੇਡਾ ਆ ਰਹੇ ਹਨ? ਟਵੀਟਾਂ ਦੀ ਮਾਰ ਕਿੱਥੇ ਤੱਕ ਹੋ ਸਕਦੀ ਹੈ, ਇਸ ਬਾਰੇ ਕੀ ਆਖਿਆ ਜਾ ਸਕਦਾ ਹੈ।

ਬੇਸ਼ੱਕ 'ਸੀ ਬੀ ਸੀ' ਦਾ ਆਰਟੀਕਲ ਦੱਸਦਾ ਹੈ ਕਿ ਇੰਮੀਗਰੇਸ਼ਨ ਵਿਭਾਗ ਦੀ ਜਾਣਕਾਰੀ ਵਿੱਚ ਇਸਤੋਂ ਪਹਿਲਾਂ ਕੋਈ ਹੋਰ ਨਕਲੀ ਅਕਾਊਂਟ ਨਹੀਂ ਆਇਆ ਹੈ ਪਰ ਪੰਜਾਬੀ ਪੋਸਟ ਨੇ ਰੱਖਿਆ ਮੰਤਰੀ ਹਰਜੀਤ ਸਿੰਘ ਸੱਜਣ ਦੇ ਨਾਮ ਬਣੇ ਇੱਕ ਨਕਲੀ ਫੇਸਬੁੱਕ ਅਕਾਊਂਟ ਦਾ ਸਤੰਬਰ 2018 ਹੀ ਪਰਦਾਫਾਸ਼ ਕਰ ਦਿੱਤਾ ਸੀ। ਉਸ ਨਕਲੀ ਅਕਾਊਂਟ ਬਾਰੇ ਐਨਾ ਜਰੂਰ ਕਿਹਾ ਜਾ ਸਕਦਾ ਹੈ ਕਿ ਉਹ ਕੈਨੇਡਾ ਦੇ ਰੱਖਿਆ ਮੰਤਰੀ ਅਤੇ ਕੈਨੇਡਾ ਦੇ ਰੱਖਿਆ ਵਿਭਾਗ ਦੇ ਅਕਸ ਨੂੰ ਅੰਤਰਰਾਸ਼ਟਰੀ ਪਰੀਪੇਖ ਤੋਂ ਦਾਗ ਲਾਉਣ ਵਾਲਾ ਸਾਬਤ ਹੋ ਸਕਦਾ ਸੀ। ਪੰਜਾਬੀ ਪੋਸਟ ਵੱਲੋਂ ਇੱਕ ਲੰਬੀ ਚੌੜੀ ਈ ਮੇਲ ਲਿਖ ਕੇ ਇਸ ਅਕਾਊਂਟ ਬਾਰੇ ਰੱਖਿਆ ਮੰਤਰੀ ਤੋਂ ਇਸ ਬਾਬਤ ਸੁਆਲ ਪੁੱਛੇ ਗਏ ਪਰ ਕਿਸੇ ਨੇ ਜਵਾਬ ਦੇਣ ਦੀ ਖੇਚਲ ਨਹੀਂ ਕੀਤੀ। ਹਾਂ, ਉਸ ਅਕਾਊਂਟ ਨੂੰ ਹਟਾ ਜਰੂਰ ਦਿੱਤਾ ਗਿਆ।

ਮੰਨਿਆ ਕਿ ਰੱਖਿਆ ਮੰਤਰੀ ਲਈ ਪੰਜਾਬੀ ਪੋਸਟ ਦੀ ਚੇਤਾਵਨੀ ਨੂੰ ਨਜ਼ਰ ਅੰਦਾਜ਼ ਸੌਖਾ ਹੋ ਸਕਦਾ ਹੈ ਪਰ ਹੁਣ ਆਸ ਕੀਤੀ ਜਾ ਸਕਦੀ ਹੈ ਕਿ 'ਸੀ ਬੀ ਸੀ' ਦੀ ਖ਼ਬਰ ਸ਼ਾਇਦ ਫੈਡਰਲ ਸਰਕਾਰ ਨੂੰ ਸਰਗਰਮ ਕਰਨ ਵਿੱਚ ਸਫ਼ਲ ਹੋਵੇ। ਕੈਨੇਡਾ ਦੇ ਦੋ ਅਹਿਮ ਮੰਤਰਾਲਿਆਂ (ਰੱਖਿਆ ਅਤੇ ਇੰਮੀਗਰੇਸ਼ਨ) ਦੇ ਕੇਸ ਸਾਹਮਣੇ ਆਉਣ ਤੋਂ ਬਾਅਦ ਸਰਕਾਰ ਲਈ ਬਣਦਾ ਹੈ ਕਿ ਉਹ ਆਪਣੀ ਸੋਸ਼ਲ ਮੀਡੀਆ ਨਿਰੀਖਣ ਪਾਲਸੀ ਦਾ ਸ਼ਿੱਦਤ ਨਾਲ ਮੁਆਇਨਾ ਕਰੇ। ਇਹ ਕਿੰਨੀ ਕੁ ਔਖੀ ਗੱਲ ਹੈ ਕਿ ਸਰਕਾਰ ਦੇ ਹਰ ਮੰਤਰਾਲੇ ਦੀ ਕਮਿਊਨੀਕੇਸ਼ਨ ਬਰਾਂਚ ਹਫਤੇ ਜਾਂ ਦੋ ਹਫ਼ਤੇ ਬਾਅਦ ਸੋਸ਼ਲ ਮੀਡੀਆ ਉੱਤੇ ਸਰਚ ਕਰ ਕੇ ਵੇਖ ਲਵੇ ਕਿ ਉਹਨਾਂ ਦੇ ਨਾਮ ਉੱਤੇ ਕੁੱਝ ਸ਼ੱਕੀ ਤਾਂ ਨਹੀਂ ਹੋ ਰਿਹਾ। ਆਖਰ ਨੂੰ ਕੌਮੀ ਹਿੱਤਾਂ ਦੀ ਰੱਖਿਆ ਅਤੇ ਅੰਤਰਰਾਸ਼ਟਰੀ ਜ਼ੁੰਮੇਵਾਰੀਆਂ ਦੀ ਪਾਲਣਾ ਲਈ ਅਜਿਹਾ ਕਰਨਾ ਮਜ਼ਬੂਰੀ ਨਹੀਂ ਸਗੋਂ ਸਮੇਂ ਦੀ ਲੋੜ ਹੈ।

# ਹਾਕੀ ਦਾ ਸਰਦਾਰ –ਬਲਬੀਰ ਸਿੰਘ ਸੀਨੀਅਰ

ਜਗਜੀਤ ਸਿੰਘ ਗਣੇਸ਼ਪੁਰ
94655 76022



ਕਦੇ ਸਮਾਂ ਸੀ ਕਿ ਪੂਰੀ ਦੁਨੀਆ ਵਿੱਚ ਭਾਰਤੀ ਹਾਕੀ ਟੀਮ ਦੀ ਤੂਤੀ ਬੋਲਦੀ ਸੀ ਅਤੇ ਭਾਰਤੀ ਟੀਮ ਵਿੱਚ ਸਰਦਾਰ ਖਿਡਾਰੀਆ ਦਾ ਬੋਲਬਾਲਾ ਸੀ।ਅੰਤਰਰਾਸ਼ਟਰੀ ਪੱਧਰ ਤੇ 18 ਦੇਸ਼ਾਂ ਦੀਆਂ ਰਾਸ਼ਟਰੀ ਟੀਮਾਂ ਵਿੱਚ ਸਿੱਖ ਖਿਡਾਰੀ ਆਪਣੀ ਖੇਡ ਕਲਾਂ ਦਾ ਪ੍ਰਦਰਸ਼ਨ ਕਰ ਚੁੱਕੇ ਹਨ।ਸਿੱਖ ਖਿਡਾਰੀਆਂ ਦੇ ਭਾਰਤੀ ਟੀਮ ਵਿੱਚ ਪਾਏ ਯੋਗਦਾਨ ਦਾ ਇਸ ਤੱਥ ਤੋਂ ਸਹਿਜੇ ਹੀ ਅੰਦਾਜ਼ਾ ਲਗਾਇਆ ਜਾ ਸਕਦਾ ਹੈ ਕਿ 1928 ਤੋਂ ਲੈ ਕੇ ਸੋਨਾ ਤਗਮਾ ਜੇਤੂ ਹਰੇਕ ਭਾਰਤੀ ਟੀਮ ਦਾ ਹਿੱਸਾ ਰਹੇ।1968 'ਚ ਮੈਕਸੀਕੋ ਓਲਪਿੰਕ ਵਿੱਚ ਕੁੱਲ 18 ਖਿਡਾਰੀਆਂ ਵਿੱਚ 13 ਸਿੱਖ ਖਿਡਾਰੀ ਸਨ।ਸਿੱਖ ਸਰਦਾਰ ਓਲਪਿੰਕ,ਵਿਸ਼ਵ ਕੱਪ,ਚੈਂਪੀਅਨਜ਼ ਟਰਾਫ਼ੀ ਅਤੇ ਏਸ਼ੀਅਨ ਖੇਡਾਂ ਵਿੱਚ ਭਾਰਤੀ ਟੀਮ ਦੇ ਕਪਤਾਨ ਵਜੋਂ ਨੁਮਾਇੰਦਗੀ ਕਰ ਚੁੱਕੇ ਹਨ।ਇਨ੍ਹਾਂ ਵਿੱਚੋਂ ਹੀ ਇਕ ਭਾਰਤੀ ਟੀਮ ਦੇ ਸਫਲ ਕਪਤਾਨ ਅਤੇ ਮਹਾਨ ਸੈਂਟਰ ਫਾਰਵਰਡ ਖਿਡਾਰੀ ਰਹੇ ਸ.ਬਲਬੀਰ ਸਿੰਘ ਸੀਨੀਅਰ ਹਨ ਜਿੰਨਾ ਆਪਣੀ ਖੇਡ ਕਲਾਂ ਦੀ ਧਾਕ ਪੂਰੀ ਦੁਨੀਆ ਵਿੱਚ ਪਾਈ।ਉਨ੍ਹਾਂ ਦਾ ਪੂਰਾ ਨਾਮ ਬਲਬੀਰ ਸਿੰਘ ਦੁਸਾਂਝ ਹੈ ਪਰ ਪੂਰੀ ਦੁਨੀਆ ਉਨ੍ਹਾਂ ਨੂੰ ਬਲਬੀਰ ਸਿੰਘ ਸੀਨੀਅਰ ਦੇ ਨਾਮ ਨਾਲ ਜਾਣਦੀ ਹੈ।ਸ. ਬਲਬੀਰ ਸਿੰਘ ਜੀ ਦਾ ਜਨਮ 31/12/1923 ਨੂੰ ਉਨ੍ਹਾਂ ਦੇ ਨਾਨਕੇ ਪਿੰਡ ਹਰੀਪੁਰ ਖ਼ਾਲਸਾ ਜ਼ਿਲ੍ਹਾ ਜਲੰਧਰ ਵਿਖੇ ਹੋਇਆ।ਉਨ੍ਹਾਂ ਦੇ ਪਿਤਾ ਸ. ਦਲੀਪ ਸਿੰਘ ਸੀ ਜੋ ਕਿ ਇਕ ਅਜ਼ਾਦੀ ਘੁਲਾਟੀਏ ਸਨ ਅਤੇ ਮਾਤਾ ਜੀ ਦਾ ਨਾਮ ਕਰਮ ਕੌਰ ਸੀ।ਸ. ਬਲਬੀਰ ਸਿੰਘ ਦਾ ਜੱਦੀ ਪਿੰਡ ਪੁਆਦੜਾ ਹੈ ਜੋ ਕਿ ਜ਼ਿਲ੍ਹਾ ਜਲੰਧਰ ਵਿੱਚ ਹੀ ਪੈਂਦਾ ਹੈ।ਬਲਬੀਰ ਸਿੰਘ ਜੀ ਨੇ ਮੋਗੇ ਦੇ ਦੇਵ ਸਮਾਜ ਸਕੂਲ ਵਿਖੇ ਆਪਣੇ ਖੇਡ ਜੀਵਨ ਦੀ ਸ਼ੁਰੂਆਤ ਗੋਲ-ਕੀਪਰ ਵਜੋਂ ਕੀਤੀ ਪਰ ਬਾਅਦ ਵਿੱਚ ਉਹ ਫਾਰਵਰਡ ਲਾਈਨ ਵਿੱਚ ਖੇਡਣ ਲੱਗੇ। ਸ. ਹਰਬੇਲ ਸਿੰਘ ਜੋ ਕਿ ਖ਼ਾਲਸਾ ਕਾਲਜ ਅੰਮ੍ਰਿਤਸਰ ਦੀ ਹਾਕੀ ਟੀਮ ਦੇ ਕੋਚ ਸਨ ਉਹ ਬਲਬੀਰ ਸਿੰਘ ਦੀ ਖੇਡ ਕਲਾਂ ਤੋਂ ਬਹੁਤ ਪ੍ਰਭਾਵਿਤ ਹੋਏ ਤੇ ਉਨ੍ਹਾਂ ਦੇ ਜ਼ੋਰ ਦੇਣ ਤੇ ਬਲਬੀਰ ਸਿੰਘ ਸਿੱਖ ਨੈਸ਼ਨਲ ਕਾਲਜ ਲਾਹੌਰ ਤੋਂ ਖ਼ਾਲਸਾ ਕਾਲਜ ਅੰਮ੍ਰਿਤਸਰ 1942 'ਚ ਵਿੱਚ ਆ ਕੇ ਉਨ੍ਹਾਂ ਦੀ ਦੇਖ ਰੇਖ ਵਿੱਚ ਹਾਕੀ ਖੇਡਣ ਲੱਗੇ ।1942'ਚ ਹੀ ਉਨ੍ਹਾਂ ਦੀ ਪੰਜਾਬ ਯੂਨੀਵਰਸਿਟੀ ਦੀ ਟੀਮ ਵਿੱਚ ਚੋਣ ਹੋਈ ਅਤੇ ਉਨ੍ਹਾਂ ਦੀ ਕਪਤਾਨੀ ਦੇ ਅੰਦਰ ਹੀ ਯੂਨੀਵਰਸਿਟੀ ਲਗਾਤਾਰ 1943,44,45 ਵਿੱਚ ਇੰਟਰ ਯੂਨੀਵਰਸਿਟੀ ਖ਼ਿਤਾਬ ਜਿੱਤਣ ਵਿੱਚ ਕਾਮਯਾਬ ਰਹੀ।ਉਹ ਵੰਡ ਤੋਂ ਪਹਿਲਾ ਦੇ ਪੰਜਾਬ ਦੀ 1947 'ਚ ਨੈਸ਼ਨਲ ਚੈਂਪੀਅਨ ਜਿੱਤਣ ਵਾਲੀ ਟੀਮ ਦੇ ਖਿਡਾਰੀ ਵੀ ਰਹੇ।ਪੰਜਾਬ ਪੁਲਿਸ ਵਿੱਚ ਨੌਕਰੀ ਕਰਦੇ ਉਨ੍ਹਾਂ ਨੇ 1941 ਤੋਂ 1961 ਤੱਕ ਪੰਜਾਬ ਪੁਲਿਸ ਹਾਕੀ ਟੀਮ ਦੀ ਕਪਤਾਨੀ ਵੀ ਕੀਤੀ।

ਉਨ੍ਹਾਂ ਨੇ ਆਪਣੀ ਪਹਿਲੀ ਲੰਡਨ ਓਲਪਿੰਕ 1948'ਚ ਆਪਣੇ ਪਹਿਲੇ ਹੀ ਮੈਚ ਵਿੱਚ ਅਰਜਨਟੀਨਾ ਦੇ ਖ਼ਿਲਾਫ਼ 6 ਗੋਲ ਹੀ ਨਹੀਂ ਕੀਤੇ ਸਗੋਂ ਹੈਟ੍ਰਿਕ ਵੀ ਬਣਾਈ ।ਫਾਈਨਲ ਮੈਚ ਵਿੱਚ ਭਾਰਤ ਨੇ ਬਰਤਾਨੀਆ ਜਿਨ੍ਹਾਂ ਨੇ ਸਾਡੇ ਦੇਸ਼ ਤੇ 200 ਸਾਲ ਰਾਜ ਕੀਤਾ ਉਸ ਦੇਸ਼ ਦੀ ਟੀਮ ਨੂੰ ਉਸ ਦੇ ਖੇਡ ਮੈਦਾਨ ਅੰਦਰ 4-0 ਨਾਲ ਹਰਾਇਆ ,ਇਸ ਵਿੱਚ ਬਲਬੀਰ ਸਿੰਘ ਦੇ ਵੀ 2 ਸ਼ਾਨਦਾਰ ਗੋਲ ਸ਼ਾਮਿਲ ਸਨ।ਇਸ ਓਲਪਿੰਕ ਵਿੱਚ ਸ. ਬਲਬੀਰ ਸਿੰਘ ਨੂੰ ਖੇਡ ਰਾਜਨੀਤੀ ਦਾ ਵੀ ਸ਼ਿਕਾਰ ਹੋਣਾ ਪਿਆ ਤੇ ਉਹ ਕੁਝ ਮੈਚ ਨਹੀਂ ਖੇਡ ਸਕੇ।1952 'ਚ ਹੈਲਸਿੰਕੀ,ਫਿਨਲੈਂਡ ਵਿੱਚ ਹੋਈਆ ਓਲਪਿੰਕ ਖੇਡਾਂ ਵਿੱਚ ਉਨ੍ਹਾਂ ਨੂੰ ਭਾਰਤੀ ਖੇਡ ਦਲ ਦੀ ਅਗਵਾਈ ਕਰਨ ਦਾ ਮੌਕਾ ਮਿਲਿਆ ਅਤੇ ਉਹ ਭਾਰਤੀ ਹਾਕੀ ਟੀਮ ਦੇ ਵਾਈਸ ਕੈਪਟਨ ਵਜੋਂ ਖੇਡੇ।ਇਸ ਓਲਪਿੰਕ ਵਿੱਚ ਬਰਤਾਨੀਆ ਦੇ ਖ਼ਿਲਾਫ਼ ਸੈਮੀ ਫਾਈਨਲ ਵਿੱਚ ਉਨ੍ਹਾਂ ਨੇ ਇਕ ਵਾਰ ਫਿਰ ਹੈਟ-ਟ੍ਰਿਕ ਬਣਾਈ ,ਇਹ ਮੈਚ ਭਾਰਤ ਬਲਬੀਰ ਸਿੰਘ ਦੇ ਹੀ ਤਿੰਨ ਗੋਲਾਂ ਨਾਲ ਜਿੱਤਿਆ।ਫਾਈਨਲ ਵਿੱਚ ਉਨ੍ਹਾਂ ਨੇ ਜੋ ਰਿਕਾਰਡ ਬਣਾਇਆ ਉਹ ਅੱਜ 66 ਸਾਲ ਹੋਣ ਤੋਂ ਬਾਅਦ ਵੀ ਕਾਇਮ ਹੈ ਜਦੋਂ ਬਲਬੀਰ ਸਿੰਘ ਨੇ ਇਕ ਤੋਂ ਬਾਅਦ ਇਕ ਪੰਜ ਗੋਲ ਕਰਕੇ ਭਾਰਤ ਨੂੰ ਨੀਦਰਲੈਂਡ ਦੇ ਖ਼ਿਲਾਫ਼ 6-1 ਨਾਲ ਵੱਡੀ ਜਿੱਤ ਦਿਵਾਉਣ ਵਿੱਚ ਮੁੱਖ ਭੂਮਿਕਾ ਨਿਭਾਈ।ਇਸ ਰਿਕ-ਾਰਡ ਲਈ ਉਨ੍ਹਾਂ ਦਾ ਨਾਮ ਗਿਨਿਜ਼ ਵਰਲਡ ਰਿਕਾਰਡ ਵਿੱਚ ਦਰਜ ਹੈ। ਇਸ ਹੀ ਓਲਪਿੰਕ ਵਿੱਚ ਇਕ ਰੋਚਕ ਘਟਨਾ ਵੀ ਵਾਪਰੀ ਜਦੋਂ ਇਕ ਮਹਿਲਾ ਪ੍ਰਸੰਸਕ ਨੇ ਬਲਬੀਰ ਸਿੰਘ ਦੀ ਜਰਸੀ ਦਾ 13 ਨੰਬਰ ਹੋਣ ਕਾਰਨ ਉਸ ਨੂੰ ਕਿਹਾ ਕਿ ਇਹ ਨੰਬਰ ਸ਼ੁੱਭ ਨਹੀਂ ਮੰਨਿਆ ਜਾਂਦਾ ਪਰ ਬਲਬੀਰ ਸਿੰਘ ਜੀ ਨੇ ਬੜੀ ਨਿਮਰਤਾ ਨਾਲ ਜਵਾਬ ਦਿੱਤਾ ਕਿ ਸਾਡੀ ਸੰਸਕ੍ਰਿਤੀ ਅਨੁਸਾਰ 13 ਪ੍ਰਮਾਤਮਾ ਨੂੰ ਸੰਬੋਧਨ ਕਰਨ ਲਈ ਵਰਤਿਆ ਜਾਂਦਾ ਹੈ ਇਸ ਲਈ ਇਹ ਮੇਰੇ ਲਈ ਅਸ਼ੁਭ ਨਹੀਂ ਹੈ।ਇੱਥੇ ਇਹ ਵੀ ਦੱਸਣਯੋਗ ਹੈ ਕਿ ਇਸ ਓਲਪਿੰਕ ਵਿੱਚ ਭਾਰਤੀ ਟੀਮ ਨੇ ਕੁੱਲ ਗੋਲ ਵੀ 13 ਹੀ ਕੀਤੇ ਜਿਸ ਵਿੱਚ ਬਲਬੀਰ ਸਿੰਘ ਦੇ 9 ਗੋਲ ਸ਼ਾਮਿਲ ਸਨ।

1956'ਚ ਮੈਲਬੋਰਨ,ਅਸਟ੍ਰੇਲੀਆ ਵਿੱਚ ਹੋਈਆਂ ਓਲਪਿੰਕ ਖੇਡਾਂ ਵਿੱਚ ਬਲਬੀਰ ਸਿੰਘ ਨੂੰ ਭਾਰਤੀ ਟੀਮ ਦਾ ਕਪਤਾਨ ਬਣਾਇਆ ਗਿਆ।ਉਨ੍ਹਾਂ ਨੇ ਆਪਣੇ ਪਹਿਲੇ ਹੀ ਮੈਚ ਵਿੱਚ ਅਫ਼ਗਾਨਿਸਤਾਨ ਦੇ ਖ਼ਿਲਾਫ਼ ਪੰਜ ਗੋਲ ਕੀਤੇ ਪਰ ਬਦਕਿਸਮਤੀ ਨਾਲ ਸੱਟ ਲੱਗਣ ਕਾਰਨ ਲੀਗ ਮੈਚ ਖੇਡ ਨਹੀਂ ਸਕੇ ਅਤੇ ਰਣਧੀਰ ਸਿੰਘ ਇੰਨਾ ਮੁਕਾਬਲਿਆਂ ਵਿੱਚ ਕਪਤਾਨੀ ਦੀ ਜ਼ਿੰਮੇਵਾਰੀ ਨਿਭਾਈ ।ਬਲਬੀਰ ਸਿੰਘ ਇਸ ਤੋਂ ਬਾਅਦ ਹੋਏ ਸੈਮੀ ਫਾਈਨਲ ਅਤੇ ਫਾਈਨਲ ਮੁਕਾਬਲਾ ਖੇਡੇ।ਭਾਰਤ ਨੇ ਸੋਨ ਤਗਮਾ ਆਪਣੇ ਰਵਾਇਤੀ ਵਿਰੋਧੀ ਪਾਕਿ-ਸਤਾਨ ਨੂੰ 1-0 ਨਾਲ ਹਰਾ ਕੇ ਜਿੱਤਿਆ।ਉਨ੍ਹਾਂ ਨੂੰ ਤਿੰਨ ਵਾਰ ਓਲਪਿੰਕ ਜੇਤੂ ਟੀਮ ਦਾ ਹਿੱਸਾ ਹੋਣ ਕਾਰਨ ਗੋਲਡਨ ਹੈਟ੍ਰਿਕ ਵਾਲਾ ਬਲਬੀਰ ਵੀ ਕਿਹਾ ਜਾਣ ਲੱਗਾ।

1957'ਚ ਸ. ਬਲਬੀਰ ਸਿੰਘ ਖੇਡ ਵਰਗ ਵਿੱਚ ਪਦਮ ਮੈਟ੍ਰਿਕ ਪ੍ਰਾਪਤ ਕਰਨ ਵਾਲ ਪਹਿਲੇ ਖਿਡਾਰੀ ਬਣੇ।ਉਹ ਭਾਰਤੀ ਟੀਮ ਜਿਹੜੀ 1958 ਅਤੇ 1962 ਦੀਆਂ ਚਾਂਦੀ ਦਾ ਤਗਮਾ ਜਿੱਤਣ ਵਾਲੀ ਟੀਮ ਦੇ ਮੈਂਬਰ ਰਹੇ।1971 ਦੀ ਵਿਸ਼ਵ ਕੱਪ ਵਿੱਚ ਤਾਂਬੇ ਦਾ ਤਗਮਾ ਜਿੱਤਣ ਵਾਲੀ ਭਾਰਤੀ ਟੀਮ ਦੇ ਉਹ ਕੋਚ ਰਹੇ ਅਤੇ 1975 ਦੀ ਵਿਸ਼ਵ ਕੱਪ ਵਿਜੇਤਾ ਟੀਮ ਦੇ ਉਹ ਚੀਫ਼ ਕੋਚ ਅਤੇ ਮੈਨੇਜਰ ਰਹੇ।ਬਲਬੀਰ ਸਿੰਘ ਨੇ ਆਪਣੇ ਪਿਤਾ ਜੀ ਦੀ ਮੌਤ ਹੋਣ ਅਤੇ ਆਪਣੀ ਧਰਮ ਪਤਨੀ ਸੁਸ਼ੀਲ ਕੌਰ ਨੂੰ ਬਰੇਨ ਸਟ੍ਰੋਕ ਹੋਣ ਦੇ ਬਾਵਜੂਦ ਭਾਰਤੀ ਟੀਮ ਦੀ ਸਿਖਲਾਈ ਵਿੱਚ ਕੋਈ ਵਿਘਨ ਨਹੀਂ ਆਉਣ ਦਿੱਤਾ ਉਹ ਕਹਿੰਦੇ ਹਨ ਕਿ ਦੇਸ਼ ਸਭ ਤੋਂ ਪਹਿਲਾ,ਉਨ੍ਹਾਂ ਦੇ ਇਸ ਜਜ਼ਬੇ ਦੇ ਫਲਸਰੂਪ ਹੀ ਭਾਰਤੀ ਟੀਮ 1975 'ਚ ਵਿਸ਼ਵ ਵਿਜੇਤਾ ਬਣੀ।ਬਲਬੀਰ ਸਿੰਘ ਜੀ ਨੂੰ ਉਨ੍ਹਾਂ ਦੀ ਖੇਡ ਉਪਲਬਧੀਆਂ ਲਈ ਕਈ ਮਾਣ ਸਨਮਾਨ ਨਾਲ ਸਨਮਾਨਿਤ ਕੀਤਾ ਗਿਆ ।1958 'ਚ ਡੋਮੈਨਿਕ ਗਣਰਾਜ ਦੁਆਰਾ 1956 ਦੇ ਓਲੰਪਿਕ ਦੀ ਯਾਦਗਾਰ ਮਨਾਉਣ ਲਈ ਉਨ੍ਹਾਂ ਤੇ ਡਾਕ ਟਿਕਟ ਵੀ ਜਾਰੀ ਕੀਤਾ ਗਿਆ।1982'ਚ ਨਵੀਂ ਦਿੱਲੀ ਵਿੱਚ ਹੋਈਆਂ ਏਸ਼ੀਆ ਖੇਡਾਂ ਮੌਕੇ ਉਨ੍ਹਾਂ ਦੁਆਰਾ ਹੀ ਪਵਿੱਤਰ ਲਾਟ ਨੂੰ ਰੌਸ਼ਨ ਕੀਤਾ ਗਿਆ ਸੀ ।ਇਸ ਤੋਂ ਇਲਾਵਾ, ਸਾਲ 1 9 82 ਵਿਚ ਪੈਟਰੋਇਟ ਅਖ਼ਬਾਰ ਦੁਆਰਾ ਕਰਵਾਏ ਗਏ ਇਕ ਕੌਮੀ ਸਰਵੇਖਣ ਵਿਚ ਉਨ੍ਹਾਂ ਨੂੰ ਸਦੀ ਦੇ ਭਾਰਤੀ ਖਿਡਾਰੀ ਵਜੋਂ ਚੁਣਿਆ ਗਿਆ । 2006 'ਚ ਉਨ੍ਹਾਂ ਨੂੰ ਸਭ ਤੋ ਸਰਵੋਤਮ ਸਿੱਖ ਹਾਕੀ ਖਿਡਾਰੀ ਦੇ ਸਨਮਾਨ ਨਾਲ ਨਿਵਾਜਿਆ ਗਿਆ।2012 'ਚ ਉਹ ਏਸ਼ੀਆ ਮਹਾਂਦੀਪ ਤੋਂ ਇਕਲੌਤੇ ਖਿਡਾਰੀ ਹਨ ਜਿਨ੍ਹਾਂ ਨੂੰ ਕਿ ਕੌਮਾਂਤਰੀ ਓਲਪਿੰਕ ਕਮੇਟੀ ਨੇ ਓਲਪਿੰਕ ਇਤਿਹਾਸ ਦੇ 16 ਆਈਕਾਨ ਖਿਡਾਰੀਆਂ ਵਿੱਚ ਸ਼ਾਮਿਲ ਕੀਤਾ ਜਿਨ੍ਹਾਂ ਵਿੱਚ ਅੱਠ ਪੁਰਸ਼ ਅਤੇ ਅੱਠ ਮਹਿਲਾ ਖਿਡਾਰੀ ਸ਼ਾਮਲ ਸਨ।2015 'ਚ ਸ. ਬਲਬੀਰ ਸਿੰਘ ਜੀ ਨੂੰ ਉਨ੍ਹਾਂ ਦੀਆਂ ਜੀਵਨ ਭਰ ਦੀਆਂ ਪ੍ਰਾਪਤੀਆਂ ਲਈ ਮੇਜਰ ਧਿਆਨ ਚੰਦ ਸਨਮਾਨ ਨਾਲ ਸਨਮਾਨਿਤ ਕੀਤਾ ਗਿਆ।ਉਨ੍ਹਾਂ ਨੇ ਦੋ ਕਿਤਾਬਾਂ ਵੀ ਲਿਖੀਆਂ "ਦੀ ਗੋਲਡਨ ਹੈਟ-ਟ੍ਰਿਕ (1977) ਅਤੇ ਦੀ ਗੋਲਡਨ ਯਾਰਡ ਸਟਿੱਕ (2008) ਜਿਨ੍ਹਾਂ ਵਿੱਚ ਪਹਿਲੀ ਉਨ੍ਹਾਂ ਦੀ ਸਵੈਜੀਵਨੀ ਹੈ।ਉਹ ਪੰਜਾਬ ਖੇਡ ਵਿਭਾਗ ਦੇ ਡਾਇਰੈਕਟਰ ਵਜੋਂ ਵੀ ਆਪਣੀਆਂ ਸੇਵਾ ਨਿਭਾ ਚੁੱਕੇ ਹਨ।ਉਹ ਅੱਜਕੱਲ੍ਹ ਚੰਡੀਗੜ੍ਹ ਵਿੱਚ ਰਹਿ ਰਹੇ ਹਨ।2016 'ਚ ਪੰਜਾਬ ਯੂਨੀਵਰਸਿਟੀ ਨੇ ਉਨ੍ਹਾਂ ਨੂੰ ਪੰਜਾਬ ਯੂਨੀਵਰਸਿਟੀ ਖੇਲ ਰਤਨ ਅਵਾਰਡ ਨਾਲ ਸਨਮਾਨਿਤ ਕੀਤਾ ਗਿਆ।ਸ. ਬਲਬੀਰ ਸਿੰਘ ਜੀ ਦੀਆਂ ਹੁਣ ਦੋ ਇੱਛਾਵਾਂ ਹਨ ਇਕ ਤਾਂ ਉਹ ਭਾਰਤੀ ਹਾਕੀ ਟੀਮ ਓਲਪਿੰਕ ਵਿੱਚ ਸੋਨ ਤਗਮਾ ਜਿੱਤਦੇ ਦੇਖਣਾ ਚਾਹੁੰਦੇ ਹਨ ਤੇ ਦੂਜੀ ਉਨ੍ਹਾਂ ਦੇ ਮੈਡਲ ਅਤੇ ਬਲੈਜ਼ਰ ਜੋ ਕਿ ਸਪੋਰਟਸ ਅਥਾਰਿਟੀ ਆਫ਼ ਇੰਡੀਆ ਨੂੰ ਸਪੋਰਟਸ ਮਿਊਜ਼ੀਅਮ ਵਿੱਚ ਰੱਖਣ ਨੂੰ ਦਿੱਤੇ ਸਨ ਜੋ ਕਿ ਸ਼ਾਇਦ ਲਾਪਤਾ ਹੋ ਗਏ ਹਨ ਉਹ ਉਨ੍ਹਾਂ ਨੂੰ ਵਾਪਸ ਮਿਲ ਜਾਣ।ਆਪਣੇ ਦੇਸ਼ ਨਾਲ ਅਥਾਹ ਪਿਆਰ ਅਤੇ ਸਭ ਧਰਮਾਂ ਦਾ ਬਰਾਬਰ ਸਤਿਕਾਰ ਕਰਨ ਵਾਲੇ ਇਸ ਮਹਾਨ ਖਿਡਾਰੀ ਨੂੰ 'ਭਾਰਤ ਰਤਨ' ਦਿਵਾਉਣ ਲਈ ਕਈ ਮੁਹਿੰਮਾਂ ਚਲਾਈਆਂ ਗਈਆਂ ਪਰ ਹਾਲੇ ਤੱਕ ਉਨ੍ਹਾਂ ਨੂੰ ਇਹ ਸਨਮਾਨ ਨਹੀਂ ਦਿੱਤਾ ਗਿਆ। ਉਨ੍ਹਾਂ ਦੇ ਜੀਵਨ ਭਰ ਦੀਆਂ ਪ੍ਰਾਪਤੀਆ ਦੇਖਦੇ ਹੋਏ ਇਹੀ ਕਿਹਾ ਜਾ ਸਕਦਾ ਹੈ ਕਿ ਉਹ ਇਸ ਸਨਮਾਨ ਦੇ ਪ੍ਰਬਲ ਦਾਅਵੇਦਾਰ ਹਨ।

# ਲਾਈ ਸਾਹਿਤ ਦੀ ਚੇਟਕ

–ਗੁਰਦੀਪ ਸਿੰਘ ਢੁੱਡੀ

ਫਰਵਰੀ 2011 ਵਿੱਚ ਮੈਂ ਲੜਕੀਆਂ ਦੇ ਸਰਕਾਰੀ ਸਕੂਲ ਵਿੱਚ ਬਤੌਰ ਪ੍ਰਿੰਸੀਪਲ ਹਾਜ਼ਰ ਹੋਇਆ। ਵਿਦੇਸ਼ ਰਹਿੰਦੇ ਇਕ ਸੱਜਣ ਵੱਲੋਂ ਸਕੂਲ ਲਈ ਦਾਨ ਵਿੱਚ ਲਾਇਬ੍ਰੇਰੀ ਬਣਾ ਕੇ ਦੇਣ ਦੀ ਗੱਲ ਪਹਿਲਾਂ ਹੀ ਚੱਲ ਰਹੀ ਸੀ, ਪਰ ਬੜੀ ਸੁਸਤ ਚਾਲ ਵਿੱਚ ਸੀ। ਗੱਲ ਮੇਰੇ ਧਿਆਨ ਵਿੱਚ ਆਈ ਤਾਂ ਮੈਨੂੰ ਚਾਅ ਚੜ੍ਹ ਗਿਆ। ਸਕੂਲ ਵਿੱਚ ਲਾਇਬ੍ਰੇਰੀ ਮੇਰੇ ਵਾਸਤੇ ਸਬ ਤੋਂ ਵੱਧ ਦਿਲਖਿੱਚਵਾਂ ਸਥਾਨ ਹੈ। ਘਰ ਵਿੱਚ ਕੰਪਿਊਟਰ ਹੋਣ ਕਰਕੇ ਮੈਂ ਲਾਇਬ੍ਰੇਰੀ ਲਈ ਲੋੜੀਂਦਾ ਚਿੱਠੀ ਪੱਤਰ ਘਰੋਂ ਤਿਆਰ ਕਰ ਲਿਆਉਂਦਾ। ਛੇਤੀ ਹੀ ਕੱਛੂਕੁੰਮੇ ਦੀ ਚਾਲ ਚੱਲਦਾ ਇਕਰਾਰਨਾਮਾ ਖਰਗੋਸ਼ ਦੀ ਚਾਲ ਹੋ ਗਿਆ। ਦਸੰਬਰ ਮਹੀਨੇ ਤੱਕ ਸਰਕਾਰ ਅਤੇ ਦਾਨੀ ਸੱਜਣਾਂ ਵੱਲੋਂ ਕੀਤਾ ਜਾਣ ਵਾਲਾ ਇਕਰਾਰਨਾਮਾ ਸਿਰੇ ਚੜ੍ਹ ਗਿਆ। ਚੰਡੀਗੜ੍ਹ ਰਹਿੰਦੇ ਪੰਜਾਬ ਹਰਿਆਣਾ ਹਾਈ ਕੋਰਟ ਦੇ ਸੀਨੀਅਰ ਵਕੀਲ ਐਮ ਐਲ ਸਰੀਨ ਨੇ ਦਾਨੀ ਸੱਜਣਾਂ ਦੀ ਤਰਫੋਂ ਸਾਰਾ ਕੰਮ ਕਰਨਾ ਸੀ। ਪ੍ਰੋਗਰਾਮ ਨੂੰ ਅੰਤਿਮ ਛੋਹ ਦੇਣ ਲਈ ਸਾਨੂੰ ਚੰਡੀਗੜ੍ਹ ਵਿਖੇ ਸਰੀਨ ਕੋਲ ਜਾਣਾ ਪੈਣਾ ਸੀ। ਦਸੰਬਰ ਦੀਆਂ ਛੁੱਟੀਆਂ ਦੇ ਦਿਨਾਂ ਵਿੱਚ ਮੈਂ ਆਪਣੇ ਸਹਿ-ਕਰਮੀ, ਪੀ ਟੀ ਏ ਪ੍ਰਧਾਨ ਅਤੇ ਇਮਾਰਤ ਬਣਾਉਣ ਵਾਲੇ ਠੇਕੇਦਾਰ ਨੂੰ ਲੈ ਕੇ ਵਕੀਲ ਸਾਹਿਬ ਕੋਲ ਚੰਡੀਗੜ੍ਹ ਚਲਾ ਗਿਆ। ਅੰਤਾਂ ਦੀ ਧੁੰਦ ਭਾਵੇਂ ਕਾਰ ਚੱਲਣ ਵਿੱਚ ਮੁਸ਼ਕਿਲ ਪੈਦਾ ਕਰ ਰਹੀ ਸੀ, ਪਰ ਇਹ ਮੁਸ਼ਕਿਲ ਲਾਇਬ੍ਰੇਰੀ ਦੇ ਕੰਮ ਦੇ ਸਿਰੇ ਚੜ੍ਹਨ ਦੇ ਚਾਅ ਅੱਗੇ ਫਿੱਕੀ ਪੈ ਰਹੀ ਸੀ।

ਚੰਡੀਗੜ੍ਹ ਅਸੀਂ ਮਿੱਥੇ ਸਮੇਂ ਤੋਂ ਥੋੜ੍ਹਾ ਜਿਹਾ ਦੇਰੀ ਨਾਲ ਪਹੁੰਚੇ। ਵਕੀਲ ਸਰੀਨ ਨੇ ਆਪਣੇ ਨਿਵਾਸ ਸਥਾਨ 'ਤੇ ਸਾਡਾ ਸਵਾਗਤ ਕੀਤਾ ਤੇ ਲਾਇਬ੍ਰੇਰੀ ਦੇ ਬਣਾਏ ਜਾਣ ਸਬੰਧੀ ਆਪਣੇ ਵੱਲੋਂ ਸਾਰੇ ਸੁਝਾਅ ਸਾਨੂੰ ਦੇ ਦਿੱਤੇ। ਇਸੇ ਦੌਰਾਨ ਉਨ੍ਹਾਂ ਵੱਲੋਂ ਬੁਲਾਏ ਨਕਸ਼ਾ ਨਵੀਸ ਨੇ ਆ ਕੇ ਇਮ-ਾਰਤ ਬਾਰੇ ਪੂਰਾ ਨਕਸ਼ਾ ਵੀ ਸਾਨੂੰ ਸਮਝਾ ਦਿੱਤਾ ਤੇ ਠੇਕੇਦਾਰ ਨੂੰ ਇਹ ਬਣਾਏ ਜਾਣ ਸਬੰਧੀ ਜ਼ਰੂਰੀ ਹਦਾਇਤਾਂ ਵੀ ਦੇ ਦਿੱਤੀਆਂ।

ਗੱਲਾਂ-ਗੱਲਾਂ ਵਿੱਚ ਨਕਸ਼ਾ ਨਵੀਸ ਨੇ ਇਮਾਰਤ ਨੂੰ ਕੇਵਲ ਨਕਸ਼ੇ ਅਨੁਸਾਰ ਹੀ ਬਣਾਏ ਜਾਣ ਦੀਆਂ ਗੱਲਾਂ ਸਖਤ ਹਦਾਇਤਾਂ ਵਾਂਗ ਕੀਤੀਆਂ। ਗੱਲ ਸਿਰੇ ਲੱਗਣ ਤੋਂ ਬਾਅਦ ਬੜੀ ਖੁਸ਼ੀ ਵਾਲੇ ਰੌਂਅ ਵਿੱਚ ਐਮ ਐਲ ਸਰੀਨ ਨੇ ਸਾਡਾ ਮੂੰਹ ਮਿੱਠਾ ਕਰਵਾਇਆ ਤੇ ਆਪਣੇ ਵੱਲੋਂ ਸ਼ੁੱਭ ਕਾਮਨਾਵਾਂ ਭੇਟ ਕੀਤੀਆਂ। ਲਾਇਬ੍ਰੇਰੀ ਦੀ ਇਮਾਰਤ ਦੇ ਨੀਂਹ ਪੱਥਰ ਸਬੰਧੀ ਸਾਰੀ ਰੂਪ ਰੇਖਾ ਉਲੀਕੇ ਜਾਣ ਤੋਂ ਬਾਅਦ ਉਸ ਦਿਨ ਦੇ ਪ੍ਰੋਗਰਾਮ ਵਿੱਚ ਮੈਂ ਸਕੂਲ ਦੇ ਇਨਾਮ ਵੰਡ ਸਮਾਗਮ ਕੀਤੇ ਜਾਣ ਦਾ ਪ੍ਰੋਗਰਾਮ ਵੀ ਦੱਸ ਦਿੱਤਾ। ਥੋੜ੍ਹੀ ਜਿਹੀ ਨਾਂਹ ਨੁੱਕਰ ਤੋਂ ਬਾਅਦ ਵਕੀਲ ਸਾਬ੍ਹ ਨੇ ਲਾਇਬ੍ਰੇਰੀ ਦਾ ਨੀਂਹ ਪੱਥਰ ਰੱਖਣ ਪਿੱਛੋਂ ਸਾਲਾਨਾ ਇਨਾਮ ਵੰਡ ਸਮਾਗਮ ਦੀ ਪ੍ਰਧਾਨਗੀ ਕਰਨ ਲਈ ਹਾਂ ਕਰ ਦਿੱਤੀ। ਪ੍ਰੋਗਰਾਮ 21 ਜਨਵਰੀ ਨੂੰ ਕੀਤੇ ਜਾਣਾ ਤੈਅ ਹੋਇਆ ਸੀ। ਇਹ ਮੈਨੂੰ ਪਹਿਲਾਂ ਹੀ ਪਤਾ ਲੱਗ ਚੁੱਕਿਆ ਸੀ ਕਿ ਸਕੂਲ ਵਿੱਚ ਇਸ ਤੋਂ ਪਹਿਲਾਂ ਕਦੇ ਇਨਾਮ ਵੰਡ ਸਮਾਗਮ ਹੋਇਆ ਹੀ ਨਹੀਂ। ਇਸ ਲਈ ਸਾਰਾ ਪ੍ਰੋਗਰਾਮ ਮੈਨੂੰ ਉਲੀਕਣਾ ਪਿਆ ਤੇ ਦਿਸ਼ਾ ਨਿਰਦੇਸ਼ ਦੇਣੇ ਪਏ। ਜਿਉਂ ਹੀ ਪ੍ਰੋਗਰਾਮ ਦੀ ਤਿਆਰੀ ਕਰਨ ਲੱਗੇ ਤਾਂ ਸਟਾਫ ਤੇ ਬੱਚਿਆਂ ਦੇ ਧਰਤੀ 'ਤੇ ਪੱਬ ਨਹੀਂ ਸੀ ਲੱਗ ਰਹੇ। ਵਿਦਿਆਰਥੀਆਂ ਦੇ ਮਾਪਿਆਂ, ਲਾਗਲੇ ਸਕੂਲਾਂ ਦੇ ਅਧਿਆਪਕਾਂ ਤੋਂ ਬਿਨਾ ਮੈਂ ਕੁਝ ਦੋਸਤਾਂ ਨੂੰ ਵੀ ਪ੍ਰੋਗਰਾਮ 'ਤੇ ਆਉਣ ਲਈ ਬੇਨਤੀ ਕੀਤੀ।

ਨਿਰਧਾਰਤ ਦਿਨ ਤੋਂ ਪਹਿਲਾਂ ਅਸੀਂ ਵਿਦਿਆਰਥੀਆਂ ਦੀ ਰਿਹਰਸਲ ਰੱਖ ਲਈ। 21 ਜਨਵਰੀ ਨੂੰ ਸਵੇਰ ਵੇਲੇ ਸਕੂਲ ਵਿੱਚ ਸ੍ਰੀ ਸੁਖਮਨੀ ਸਹਿਬ ਦੇ ਪਾਠ ਮਗਰੋਂ ਮਿੱਥੇ ਸਮੇਂ 'ਤੇ ਲਾਇਬ੍ਰੇਰੀ ਬਣਾਏ ਜਾਣ ਵਾਲੀ ਥਾਂ ਉਤੇ ਨੀਂਹ ਪੱਥਰ ਰੱਖਿਆ ਗਿਆ। ਇਨਾਮ ਵੰਡ ਸਮਾਗਮ ਸਮੇਤ ਪੇਸ਼ ਕੀਤੇ ਗਏ ਸਾਰੇ ਪ੍ਰੋਗਰਾਮ ਨੂੰ ਵੇਖਣ ਪਿੱਛੋਂ ਐਮ ਐਲ ਸਰੀਨ ਨੇ ਉਸ ਦਿਨ ਦੇ ਸਾਰੇ ਪ੍ਰੋਗਰਾਮ ਦਾ ਖਰਚਾ ਆਪਣੇ ਵੱਲੋਂ ਕੀਤੇ ਜਾਣ ਦਾ ਐਲਾਨ ਕਰ ਦਿੱਤਾ।

ਦਾਨੀ ਸੱਜਣਾਂ ਨੇ ਲਾਇਬ੍ਰੇਰੀ ਸਮੇਤ ਸਕੂਲ ਲਈ ਦੋ ਕਮਰੇ ਤੇ ਕੁਝ ਹੋਰ ਸਹੂਲਤਾਂ ਦੇਣ 'ਤੇ ਕੁੱਲ 58 ਲੱਖ ਰੁਪਏ ਦੇ ਕਰੀਬ ਖਰਚ ਕਰ ਦਿੱਤੇ। ਇਸ ਵਿੱਚ ਚਾਰ ਲੱਖ ਰੁਪਏ ਦੀਆਂ ਦੋ ਐਫ ਡੀ ਬਣਾਈਆਂ ਗਈਆਂ, ਜਿਨ੍ਹਾਂ ਦੇ ਵਿਆਜ਼ ਨਾਲ ਲਾਇਬ੍ਰੇਰੀ ਦੀ ਸਾਂਭ ਸੰਭਾਲ ਕਰਨੀ ਸੀ ਅਤੇ ਪੜ੍ਹਨ ਵਿੱਚ ਹੁਸ਼ਿਆਰ ਵਿਦਿਆਰਥਣਾਂ ਨੂੰ ਵਜ਼ੀਫੇ ਦੇਣੇ ਸਨ। ਕੇਵਲ ਇਕ ਸਾਲ ਦੇ ਸੀਮਤ ਸਮੇਂ ਵਿੱਚ ਪੂਰੀ ਭੱਜ ਨੱਠ ਕਰਕੇ ਸਾਰੇ ਕੰਮ ਮੁਕੰਮਲ ਕੀਤੇ ਗਏ। ਅਗਲੇ ਸਾਲ ਤਿਆਰ ਇਮਾਰਤ ਦਾ ਉਦਘਾਟਨ ਵੀ ਕੀਤਾ ਗਿਆ ਤੇ ਸਾਲਾਨਾ ਇਨਾਮ ਵੰਡ ਸਮਾਗਮ ਵੀ ਕਰਵਾਇਆ ਗਿਆ।

ਲਾਇਬ੍ਰੇਰੀ 'ਚੋਂ ਕਿਤਾਬਾਂ ਲੈ ਕੇ ਪੜ੍ਹਨ ਲਈ ਵਿਦਿਆਰਥਣਾਂ ਨੂੰ ਮੈਂ ਆਪਣੇ ਵੱਲੋਂ ਵੱਧ ਤੋਂ ਵੱਧ ਉਤਸ਼ਾਹਤ ਕਰਦਾ ਰਿਹਾ ਹਾਂ। ਇਸ ਗੱਲ ਦੀ ਤਸੱਲੀ ਹੈ ਕਿ ਬਹੁਤ ਸਾਰੀਆਂ ਵਿਦਿਆਰਥਣਾਂ ਸਮਾਂ ਮਿਲਣ 'ਤੇ ਅਕਸਰ ਲਾਇਬ੍ਰੇਰੀ ਵਿੱਚ ਚਲੀਆਂ ਜਾਂਦੀਆਂ ਸਨ। ਲਾਇਬ੍ਰੇਰੀ ਵਿੱਚ ਸੱਤ ਅਖਾਰਾਂ ਅਤੇ ਕੁਝ ਰਸਾਲੇ ਲਗਵਾਏ ਹੋਏ ਸਨ। ਕੁਝ ਪੁਸਤਕਾਂ ਐਮ ਐਲ ਸਰੀਨ ਨੇ ਆਪਣੇ ਵੱਲੋਂ ਖਰੀਦ ਕੇ ਦਿੱਤੀਆਂ ਤੇ ਕੁਝ ਮੇਰੇ ਬੇਟੇ ਨੇ ਆਪਣੀ ਤਨਖਾਹ 'ਚੋਂ ਖਰੀਦ ਕੇ ਦਿੱਤੀਆਂ।

ਇਹ ਵੀ ਇਤਫਾਕ ਹੋਇਆ ਕਿ ਇਨ੍ਹਾਂ ਸਾਲਾਂ ਵਿੱਚ ਸਰਕਾਰ ਵੱਲੋਂ ਸਰਵ ਸਿੱਖਿਆ ਅਭਿਆਨ ਤਹਿਤ ਲਾਇਬ੍ਰੇਰੀ ਲਈ ਦਸ ਹਜ਼ਾਰ ਰੁਪਏ ਦੀ ਸਾਲਾਨਾ ਗਰਾਂਟ ਆਉਂਦੀ ਰਹੀ। ਇਸ ਤੋਂ ਇਲਾਵ ਸਤੰਬਰ ਮਹੀਨੇ ਵਿੱਚ ਫਰੀਦਕੋਟ ਵਿਖੇ ਲੱਗਣ ਵਾਲੇ ਬਾਬਾ ਫਰੀਦ ਮੇਲੇ 'ਤੇ ਪੀਪਲਜ਼ ਫੋਰਮ ਬਰਗਾੜੀ ਵੱਲੋਂ ਦੇਸ਼ ਭਰ ਦੇ ਪ੍ਰਕਾਸ਼ਕਾਂ ਦੇ ਸਹਿਯੋਗ ਨਾਲ ਪੁਸਤਕ ਮੇਲਾ ਕਰਵਾਇਆ ਜਾਂਦਾ ਹੈ। ਇਸ ਮੇਲੇ 'ਤੇ ਅਸੀਂ ਸਕੂਲ ਦੇ ਅਮਲਗਾਮੇਟਡ ਫੰਡ 'ਚੋਂ ਚੋਖੀਆਂ ਪੁਸਤਕਾਂ ਖਰੀਦ ਲੈਂਦੇ ਸਾਂ। ਇਸ ਤਰ੍ਹਾਂ ਲਾਇਬ੍ਰੇਰੀ ਦਾ ਕੰਮ ਚੰਗਾ ਰੇੜ੍ਹੇ ਪੈ ਗਿਆ ਸੀ। ਵਿਦਿਆਰਥਣਾਂ ਵਿੱਚ ਅਖਬਾਰ, ਰਸਾਲੇ, ਪੁਸਤਕਾਂ ਪੜ੍ਹਨ ਦੀ ਚੰਗੀ ਰੁਚੀ ਪੈਦਾ ਹੋ ਗਈ।

ਸਾਲਾਨਾ ਇਨਾਮ ਵੰਡ ਸਮਾਗਮ ਸਮੇਂ ਲਾਇਬ੍ਰੇਰੀ 'ਚੋਂ ਸਭ ਤੋਂ ਵੱਧ ਕਿਤਾਬਾਂ ਕਢਵਾ ਕੇ ਪੜ੍ਹਨ ਵਾਲੀਆਂ ਦੋ ਵਿਦਿਆਰਥਣਾਂ ਨੂੰ ਵੀ ਸਨਮਾਨਿਤ ਕਰਦੇ ਰਹੇ ਹਾਂ। ਆਪਣੇ ਸੱਤ ਸਾਲ ਦੇ ਇਸ ਸਕੂਲ ਦੇ ਠਹਿਰ ਵਾਲੇ ਸਮੇਂ ਵਿੱਚ ਹਰ ਸਾਲ ਸਾਲਾਨਾ ਇਨਾਮ ਵੰਡ ਸਮਾਗਮ ਕਰਵਾਏ ਜਾਣ ਦਾ ਅਹਿਦ ਪੂਰਾ ਕੀਤਾ। ਲਾਇਬ੍ਰੇਰੀ ਲਈ ਵੱਧ ਤੋਂ ਵੱਧ ਪੁਸਤਕਾਂ ਖਰੀਦੀਆਂ ਵੀ ਤੇ ਵਿਦਿਆਰਥਣਾਂ ਨੂੰ ਪੜ੍ਹਨ ਦੀ ਚੇਟਕ ਵੀ ਲਾਈ। ਸਾਰੇ ਵਿੱਦਿਅਕ ਅਦਾਰਿਆਂ 'ਚ ਵਿਦਿਆਰਥੀਆਂ ਨੂੰ ਸਾਹਿਤ ਦੀ ਚੇਟਕ ਲਾਉਣ ਲਈ ਯਤਨ ਕੀਤੇ ਜਾਣੇ ਚਾਹੀਦੇ ਹਨ। ਅੱਜ ਕੱਲ੍ਹ ਦੇਖਣ 'ਚ ਆ ਰਿਹਾ ਹੈ ਕਿ ਅਜੋਕੀ ਪੀੜ੍ਹੀ ਸਾਹਿਤ ਤੋਂ ਦੂਰ ਜਾ ਰਹੀ ਹੈ। ਬਿਹਤਰੀਨ ਸਮਾਜ ਉਸਾਰਨ ਲਈ ਉਸਾਰੂ ਸਾਹਿਤ ਨਾਲ ਨਵੀਂ ਪੀੜ੍ਹੀ ਨੂੰ ਜੋੜਨਾ ਬਹੁਤ ਜ਼ਰੂਰੀ ਹੈ। ਮੈਨੂੰ ਇਸ ਗੱਲ ਦਾ ਮਾਣ ਹੈ ਕਿ ਮੈਂ ਵਿਦਿਆਰਥਣਾਂ ਨੂੰ ਸਾਹਿਤ ਦੀ ਚੇਟਕ ਲਾਉਣ 'ਚ ਕਾਮਯਾਬ ਹੋਇਆ।

# ਨੈਟ ਰੋਗ



'ਓ ਆ ਬਈ ਮੀਤਿਆ, ਮੈਂ ਸਾਰੀਆਂ ਛੁੱਟੀਆਂ ਤੇਰੀਆਂ ਗੱਲਾਂ ਸੁਣਨ ਨੂੰ ਤਰਸੀ ਗਿਆ।' ਛੁੱਟੀਆਂ ਖਤਮ ਹੋਣ 'ਤੇ ਸਕੂਲ ਦੇ ਪਹਿਲੇ ਦਿਨ ਇਕ ਦੂਜੇ ਨੂੰ ਮਿਲਦਿਆਂ ਪਰਗਟ ਨੇ ਮੀਤੇ ਨੂੰ ਕਿਹਾ।

'ਹੋਰ ਸੁਣਾ ਯਾਰ, ਐਤਕੀਂ ਨਾਨਕਿਆਂ ਦਾ ਹਾਲ ਚਾਲ। ਤੂੰ ਤਾਂ ਬਾਹਲੇ ਦਿਨ ਰਿਹਾ ਹੋਵੇਂਗਾ ਉਥੇ..। ਲਏ ਨਜ਼ਾਰੇ ਫੇਰ..।' ਪਰਗਟ ਨੇ ਅਗਲੇ ਸਵਾਲ ਨਾਲ ਦੀ ਨਾਲ ਕਰ ਦਿੱਤੇ।

'ਹਾਂ ਯਾਰ ਗਿਆ ਤਾਂ ਸੀ ਨਾਨਕੇ, ਪਰ ਐਤਕੀਂ ਮਜ਼ਾ ਨ੍ਹੀਂ ਆਇਆ।' ਮੀਤੇ ਨੇ ਬੁਝੇ ਜਿਹੇ ਮਨ ਨਾਲ ਜਵਾਬ ਦਿੱਤਾ।

'ਕਿਉਂ..?' ਹੈਰਾਨ ਜਿਹਾ ਹੋ ਕੇ ਪਰਗਟ ਮੀਤੇ ਦੇ ਮੂੰਹ ਵੱਲ ਦੇਖਣ ਲੱਗਿਆ। ਉਹ ਨੇ ਤਾਂ ਸੋਚਿਆ ਸੀ ਕਿ ਹਮੇਸ਼ਾ ਵਾਂਗ ਮੀਤਾ ਨਾਨਕੇ ਘਰ ਮਾਣੀਆਂ ਮੌਜਾਂ ਦੀ ਨਾ ਟੁੱਟਣ ਵਾਲੀ ਲੜੀ ਤੋਰ ਲਵੇਗਾ, ਪਰ ਇਹ ਕੀ..?

'ਕੀ ਗੱਲ ਐਤਕੀਂ ਮਾਮੇ ਨਾਲ ਬਾਗਾਂ ਵਾਲੇ ਖੇਤ ਨ੍ਹੀਂ ਗਿਆ? ਮਾਮੇ ਦਾ ਮੋਰ ਘੋੜੀ ਮੋਟਰ ਦੇ ਚੁਬੱਚੇ 'ਚ ਤਾਰੀਆਂ ਮੁਰਗੇ ਬੱਤਖਾਂ ਅੰਬ ਟਰੈਕਟਰ ਨਾਨੀ ਦੀਆਂ ਬਾਤਾਂ..। ਯਾਰ, ਠੀਕ ਤਾਂ ਹੈ ਸਭ ਕੁਝ?' ਪਰਗਟ ਨੇ ਅੰਦਰੋਂ ਡਰਦੇ ਜਿਹੇ ਨੇ ਸਵਾਲ ਕੀਤਾ।

'ਓ ਤਾਂ ਸਾਰਾ ਕੁਝ ਹੈਗਾ ਸੀ, ਪਰ..।' ਮੀਤੇ ਨੇ ਅਗਲੀ ਗੱਲ ਬੁੱਲ੍ਹਾਂ 'ਚ ਹੀ ਦੱਬ ਲਈ।

'ਪਰ ਕੀ?' ਪਰਗਟ ਨੇ ਉਤਸੁਕਤਾ ਨਾਲ ਪੁੱਛਿਆ।

'ਪਰ ਮੇਰੇ ਨਾਨਕੇ ਪਿੰਡ ਨਾ ਰੇਂਜ ਹੀ ਨ੍ਹੀਂ ਆਉਂਦੀ। ਨੈਟ ਨ੍ਹੀਂ ਚੱਲਿਆ, ਨਾ ਗੇਮ, ਨਾ ਚੈਟ, ਛੁੱਟੀਆਂ ਦਾ ਸਾਰਾ ਮਜ਼ਾ ਖਰਾਬ ਹੋ ਗਿਆ।' ਮੀਤੇ ਦੇ ਬੋਲਾਂ ਵਿੱਚ ਦਰਦ ਸੀ।

'ਅੱਛਾ..।' ਪਰਗਟ ਨੇ ਮੀਤੇ ਦੇ ਮੋਢੇ ਦੁਆਲੇ ਇਸ ਤਰ੍ਹਾਂ ਬਾਂਹ ਪਾਈ ਜਿਵੇਂ ਉਸ ਦਾ ਦੁੱਖ ਵੰਡਾ ਰਿਹਾ ਹੋਵੇ।

ਮਾਸਟਰ ਸਰਵਣ ਸਿੰਘ, ਜੋ ਪਿੱਛੇ ਖੜਾ ਉਨ੍ਹਾਂ ਦੀਆਂ ਗੱਲਾਂ ਸੁਣ ਰਿਹਾ ਸੀ, ਨੈਟ ਰੋਗ 'ਤੇ ਝੂਰਦਾ ਗਰਾਊਂਡ ਵੱਲ ਤੁਰ ਪਿਆ।

*–ਸੁਖਵਿੰਦਰ ਕੌਰ ਸਿੱਧੂ*

# ਹਲਕਾ ਫੁਲਕਾ



ਸੋਨੂੰ, "ਇੰਨਾ ਪ੍ਰੇਸ਼ਾਨ ਕਿਉਂ ਏਂ?"
ਮੋਨੂੰ, "ਬੜੀ ਪ੍ਰੇਸ਼ਾਨੀ ਹੈ। ਮੰਮੀ ਕਹਿੰਦੇ ਹਨ ਕਿ ਨੌਂ ਵਜੇ ਸੌਂ ਜਾ, ਗਰਲ ਫਰੈਂਡ ਕਹਿੰਦੀ ਹੈ ਕਿ 10 ਵਜੇ ਤੋਂ ਬਾਅਦ ਆਨਲਾਈਨ ਹੋਵਾਂਗੀ।"

*********

ਡਾਕਟਰ, "ਖੱਬੇ ਪੈਰ ਵਿੱਚ ਫ੍ਰੈਕਚਰ ਹੈ। ਪਲਾਸਟਰ ਚੜ੍ਹਾਉਣਾ ਪਵੇਗਾ।"
ਮਹਿੰਦਰ, "ਦੋਵਾਂ ਪੈਰਾਂ 'ਤੇ ਚੜ੍ਹਾ ਦਿਓ।"
ਡਾਕਟਰ, "ਦੋਵਾਂ ਪੈਰਾਂ 'ਤੇ ਕਿਉਂ?"
ਮਹਿੰਦਰ, "ਨਤੀਜਾ ਆਉਣ ਵਾਲਾ ਹੈ। ਦੂਜਾ ਪੈਰ ਪਿਤਾ ਜੀ ਤੋੜ ਦੇਣਗੇ।"

*********

ਸੁਰਿੰਦਰ, "ਯਾਰ, ਇਹ ਮੋਬਾਈਲ ਤਾਂ ਮੈਨੂੰ ਕੰਗਾਲ ਕਰ ਦੇਵੇਗਾ।"
ਸੁਧੀਰ, "ਉਹ ਕਿਵੇਂ?"
ਸੁਰਿੰਦਰ, "ਵਾਰ ਵਾਰ ਦਿਖਾਉਂਦਾ ਹੈ ਬੈਟਰੀ ਲੋਅ। ਹੁਣ ਤੱਕ 50 ਬੈਟਰੀਆਂ ਬਦਲ ਚੁੱਕਾ ਹਾਂ।"









# ਪੰਜਾਬ ਤੇ ਹਰਿਆਣਾ ਦੀ ਦੁਖਦੀ ਰਗ

-ਨਵੀਨ ਐਸ ਗਰੇਵਾਲ

ਹਰਿਆਣਾ ਤੇ ਪੰਜਾਬ ਦੇ ਬਹੁਤ ਸਾਰੇ ਵਿਰਾਸਤੀ ਮੁੱਦੇ ਸਮੇਂ-ਸਮੇਂ ਉਸਲਵੱਟੇ ਲੈਂਦੇ ਰਹਿੰਦੇ ਹਨ। ਹਾਲ ਹੀ ਵਿੱਚ ਜਦੋਂ ਹਰਿਆਣਾ ਦੇ ਮੁੱਖ ਮੰਤਰੀ ਮਨੋਹਰ ਲਾਲ ਖੱਟਰ ਨੇ ਚੰਡੀਗੜ੍ਹ 'ਤੇ ਆਪਣਾ ਹੱਕ ਜਤਾਇਆ ਤਾਂ ਪੂਰੀ ਤਰ੍ਹਾਂ ਗਲਤ ਨਹੀਂ ਸਨ, ਕਿਉਂਕਿ ਇਸ ਸੁੰਦਰ ਸ਼ਹਿਰ ਨੂੰ ਹਰਿਆਣਾ ਤੇ ਪੰਜਾਬ ਨੇ ਰਾਜਧਾਨੀ ਐਲਾਨਿਆ ਹੋਇਆ ਹੈ। ਅੱਧੀ ਸਦੀ ਬਾਅਦ ਕੋਈ ਘੱਟ ਕਲਪਨਾਸ਼ੀਲ ਬੰਦਾ ਹੀ ਕਹੇਗਾ ਕਿ ਬੀਤੇ ਨੂੰ ਮੁੜ ਘੋਖਣ ਦਾ ਕੋਈ ਲਾਭ ਨਹੀਂ। ਸ਼ਹਿਰ ਦੇ ਬਾਹਰਵਾਰ ਉਗੇ ਕੰਕਰੀਟ ਜੰਗਲ ਦੇ ਵਿਕਾਸ ਨੂੰ ਕਾਬੂ ਵਿੱਚ ਰੱਖਣ ਹਿੱਤ ਹਰਿਆਣਾ ਦੇ ਮੁੱਖ ਮੰਤਰੀ ਦਾ ਸੁਝਾਅ ਕੁਥਾਂ ਨਹੀਂ ਹੈ।

ਸਾਲ 1996 ਵਿੱਚ ਅਣਵੰਡੇ ਪੰਜਾਬ ਵਿੱਚੋਂ ਪੰਜਾਬ, ਹਰਿਆਣਾ ਤੇ ਹਿਮ-ਾਚਲ ਦੀਆਂ ਹੱਦਾਂ ਮਿਥਣ ਲਈ ਜਸਟਿਸ ਜੇ ਸੀ ਸ਼ਾਹ ਦੀ ਅਗਵਾਈ ਹੇਠ 'ਪੰਜਾਬ ਹੱਦਬੰਦੀ ਕਮਿਸ਼ਨ' ਬਣਾਇਆ ਗਿਆ ਸੀ। ਚੰਡੀਗੜ੍ਹ ਮਸਲਾ ਛੱਡ ਕੇ ਕਮਿਸ਼ਨ ਦੀਆਂ ਸਿਫਾਰਸ਼ਾਂ ਨਾਲ ਕੋਈ ਖਾਸ ਵਿਵਾਦ ਨਹੀਂ ਉਠਿਆ ਸੀ। ਸਾਬਕਾ ਵਿਦੇਸ਼ ਸਕੱਤਰ ਸੁਬੀਮਲ ਦੱਤ ਦੀ ਅਸਹਿਮਤੀ ਦੇ ਬਾਵਜੂਦ ਕਮਿਸ਼ਨ ਦੇ ਦੋ ਮੈਂਬਰਾਂ (ਸ਼ਾਹ ਅਤੇ ਐਮ ਐਮ ਫਿਲਿਪ) ਨੇ ਖਰੜ ਤਹਿਸੀਲ ਸਣੇ ਪੂਰਾ ਕੈਪੀਟਲ ਪ੍ਰਾਜੈਕਟ ਹਰਿਆਣਾ ਨੂੰ ਦੇਣ ਦੀ ਹਾਮੀ ਭਰੀ ਸੀ। ਇਥੋਂ ਹੀ ਦੋਵੇਂ ਰਾਜਾਂ ਵਿਚਾਲੇ ਖੇਤਰੀ ਵੰਡ ਸਬੰਧੀ ਵਿਵਾਦ ਖੜਾ ਹੋਇਆ ਸੀ।

ਪਿਛਲੇ ਹਫਤੇ ਇਕ ਜਨਤਕ ਪ੍ਰੋਗਰਾਮ ਦੌਰਾਨ ਹਰਿਆਣਾ ਦੇ ਮੁੱਖ ਮੰਤਰੀ ਮਨੋਹਰ ਲਾਲ ਖੱਟਰ ਨੇ ਚੰਡੀਗੜ੍ਹ 'ਤੇ ਹਰਿਆਣਾ ਦਾ ਹੱਕ ਜਤਾ ਕੇ ਪੰਜਾਬ ਦੀ ਦੁਖਦੀ ਰਗ 'ਤੇ ਹੱਥ ਰੱਖ ਦਿੱਤਾ ਅਤੇ ਚੰਡੀਗੜ੍ਹ ਤੇ ਨੇੜਲੇ ਸ਼ਹਿਰਾਂ ਮੁਹਾਲੀ ਤੇ ਪੰਚਕੂਲਾ ਲਈ 'ਟ੍ਰਾਈਸਿਟੀ ਯੋਜਨਾ ਬੋਰਡ' ਬਣਾਉਣ ਦੀ ਵਕਾਲਤ ਕੀਤੀ। ਖੱਟਰ ਦੀ ਇਸ ਤਜਵੀਜ਼ ਨੂੰ ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਝਟਪਟ ਰੱਦ ਕਰ ਕੇ ਕਿਹਾ ਕਿ ਚੰਡੀਗੜ੍ਹ ਪੰਜਾਬ ਦਾ ਹੈ। ਦੋਵੇਂ ਧਿਰਾਂ ਗਲਤ ਨਹੀਂ ਹਨ, ਕਿਉਂਕਿ ਵੱਖ-ਵੱਖ ਸਮੇਂ ਉੱਤੇ ਚੰਡੀਗੜ੍ਹ ਦੋਵੇਂ ਰਾਜਾਂ ਨੂੰ ਦੇਣ ਦੇ ਭਰੋਸੇ ਦਿੱਤੇ ਜਾਂਦੇ ਰਹੇ ਸਨ। ਪੰਜਾਬ ਵਿਚਲੀ ਸਿਆਸਤ ਦੇ ਚੱਲਦਿਆਂ ਕੇਂਦਰ ਨੇ ਚੰਡੀਗੜ੍ਹ, ਪੰਜਾਬ ਨੂੰ ਦੇਣ ਦਾ ਵਾਅਦਾ ਕੀਤਾ। ਹਰਿਆਣਾ ਦੇ ਸਾਬਕਾ ਮੁੱਖ ਸਕੱਤਰ ਰਾਮ ਐਸ ਵਰਮਾ ਓਥੋਂ ਦੇ ਪਹਿਲੇ ਮੁੱਖ ਮੰਤਰੀ ਭਾਗਵਤ ਦਿਆਲ ਸ਼ਰਮਾ ਦੇ ਹਵਾਲੇ ਨਾਲ ਦੱਸਦੇ ਹਨ, 'ਪੰਜਾਬ ਹੱਦਬੰਦੀ ਕਮਿਸ਼ਨ ਨੇ ਚੰਡੀਗੜ੍ਹ, ਹਰਿਆਣਾ ਨੂੰ ਦਿੱਤਾ ਸੀ, ਪਰ ਇਸ ਨੂੰ ਗਲਤ ਢੰਗ ਨਾਲ ਕੇਂਦਰੀ ਸ਼ਾਸਤ ਪ੍ਰਦੇਸ਼ ਬਣਾ ਦਿੱਤਾ ਗਿਆ। ਅਸੀਂ ਆਪਣੇ ਹੀ ਘਰ ਵਿੱਚ ਕਿਰਾਏਦਾਰਾਂ ਵਾਂਗ ਰਹਿੰਦੇ ਹਾਂ।' ਭਾਗਵਤ ਦੀ ਗੱਲ ਵਿੱਚ ਦਮ ਸੀ, ਪਰ ਖੱਟਰ ਨੇ ਇੰਦਰਾ ਗਾਂਧੀ ਵੱਲੋਂ 1981 ਅਤੇ ਰਾਜੀਵ ਲੌਂਗੋਵਾਲ ਸਮਝੌਤੇ ਅਨੁਸਾਰ 1985 ਵਿੱਚ ਚੰਡੀਗੜ੍ਹ, ਪੰਜਾਬ ਨੂੰ ਦੇਣ ਦੇ ਐਲਾਨ ਨੂੰ ਜਾਣਬੁਝ ਕੇ ਨਜ਼ਰ ਅੰਦਾਜ਼ ਕਰ ਦਿੱਤਾ।

ਇਹ ਨਹੀਂ ਭੁੱਲਣਾ ਚਾਹੀਦਾ ਕਿ 'ਆਨੰਦਪੁਰ ਸਾਹਿਬ ਮਤਾ 1973' ਦੀ ਮੱਦ ਦੋ ਨੇ ਕੇਂਦਰ ਤੇ ਪੰਜਾਬ ਸਰਕਾਰ ਵਿਚਾਲੇ ਟਕਰਾਅ ਦਾ ਮਾਹੌਲ ਬਣਾਇਆ ਸੀ। ਇਸ ਵਿੱਚ ਸਿੰਜਾਈ ਯੋਗ ਪਾਣੀ ਦੇ ਵੱਡੇ ਹਿੱਸੇ ਅਤੇ ਚੰਡੀਗੜ੍ਹ ਤੇ ਪੰਜਾਬੀ ਬੋਲਦੇ ਇਲਾਕੇ ਪੰਜਾਬ ਨੂੰ ਦੇਣ ਦੀ ਮੰਗ ਕੀਤੀ ਗਈ ਸੀ। ਇੰਦਰਾ ਗਾਂਧੀ ਨੇ 110 ਪਿੰਡਾਂ ਸਮੇਤ ਅਬੋਹਰ ਤੇ ਫਾਜ਼ਿਲਕਾ ਦੇ ਹਿੰਦੀ ਬੋਲਦੇ ਇਲਾਕਿਆਂ ਬਦਲੇ ਚੰਡੀਗੜ੍ਹ, ਪੰਜਾਬ ਨੂੰ ਦੇਣ ਦਾ ਭਰੋਸਾ ਦਿੱਤਾ ਸੀ। ਰਾਜੀਵ ਲੌਂਗੋਵਾਲ ਸਮਝੌਤੇ ਵਿੱਚ ਵੀ ਚੰਡੀਗੜ੍ਹ, ਪੰਜਾਬ ਨੂੰ ਦੇਣ ਦਾ ਭਰੋਸਾ ਦਿੱਤਾ ਗਿਆ, ਪਰ ਕੇਂਦਰ ਸਰਕਾਰ ਦੀ ਮਦਦ ਨਾਲ ਫਿਰ ਪੰਜ ਸਾਲਾਂ ਦੌਰਾਨ ਹਰਿਆਣੇ ਲਈ ਰਾਜਧਾਨੀ ਉਸਾਰਨ ਦਾ ਮੁੱਦਾ ਨਾ ਚੁੱਕਿਆ ਗਿਆ। ਇਨ੍ਹਾਂ ਐਲਾਨਾਂ ਤੋਂ ਬਾਅਦ ਹੋਰ ਬੜਾ ਕੁਝ ਹੋ ਚੁੱਕਾ ਹੈ ਤੇ ਕੇਂਦਰ ਸਰਕਾਰ ਹੌਲੀ-ਹੌਲੀ, ਪਰ ਯਕੀਨਨ ਤੌਰ 'ਤੇ ਚੰਡੀਗੜ੍ਹ ਵਿੱਚ ਪੰਜਾਬ ਤੇ ਹਰਿਆਣਾ ਕੋਟੇ ਦੇ ਅਫਸਰਾਂ ਦੀਆਂ ਅਸਾਮੀਆਂ ਦਾ ਭੋਗ ਪਾ ਕੇ ਉਨ੍ਹਾਂ ਦੀ ਥਾਂ ਯੂ ਟੀ ਕਾਡਰ ਦੇ ਅਫਸਰਾਂ ਨੂੰ ਲਾਈ ਜਾਂਦੀ ਹੈ। ਅਜਿਹੇ ਵਿੱਚ ਚੰਡੀਗੜ੍ਹ, ਪੰਜਾਬ ਤੇ ਹਰਿਆਣਾ ਦੀ ਰਾਜਧਾਨੀ ਨਾਲੋਂ ਵੱਧ ਕੇਂਦਰੀ ਸ਼ਾਸਤ ਪ੍ਰਦੇਸ਼ ਵਜੋਂ ਵਧੇਰੇ ਮਜ਼ਬੂਤ ਹੋਇਆ ਹੈ।



ਚੰਡੀਗੜ੍ਹ ਵਿੱਚ ਪ੍ਰਸ਼ਾਸਨ ਚਲਾਉਣ ਲਈ ਪੰਜਾਬ ਅਤੇ ਹਰਿਆਣਾ ਤੋਂ 60-40 ਦੇ ਅਨੁਪਾਤ ਨਾਲ ਡੈਪੂਟੇਸ਼ਨ 'ਤੇ ਅਫਸ਼ਰ ਤਾਇਨਾਤ ਕਰਨ ਦੀ ਵਿਵਸਥਾ ਹੈ, ਪਰ ਚੰਡੀਗੜ੍ਹ ਵਿੱਚ ਪਹਿਲਾਂ ਹੀ ਤਾਇਨ-ਾਤ 50 ਫੀਸਦੀ ਆਈ ਏ ਐਸ ਅਧਿਕਾਰੀ ਯੂ ਟੀ ਕਾਡਰ ਨਾਲ ਸਬੰਧਤ ਹਨ। ਚੰਡੀਗੜ੍ਹ ਪ੍ਰਸ਼ਾਸਨ ਵਿੱਚ ਆਈ ਏ ਐਸ ਅਫਸਰਾਂ ਦੀਆਂ 11 ਅਸਾਮੀਆਂ ਵਿੱਚੋਂ ਯੂ ਟੀ ਕਾਡਰ ਦੇ ਛੇ, ਪੰਜਾਬ ਦੇ ਤਿੰਨ ਅਤੇ ਹਰਿਆਣਾ ਦੇ ਦੋ ਅਧਿਕਾਰੀ ਹਨ। ਇਨ੍ਹਾਂ ਤੋਂ ਇਲਾਵਾ ਯੂ ਟੀ ਕਾਡਰ ਦੇ ਦੋ ਹੋਰ ਅਫਸਰ ਜਲਦੀ ਹੀ ਚੰਡੀਗੜ੍ਹ ਵਿੱਚ ਤਾਇਨਾਤ ਕੀਤੇ ਜਾ ਰਹੇ ਹਨ। ਰਵਾਇਤੀ 'ਬਾਂਦਰ ਵੰਡ' ਹੇਠ ਕੇਂਦਰ ਸਰਕਾਰ ਪੰਜਾਬ ਤੇ ਹਰਿਆਣਾ ਨੂੰ ਪਹਿਲਾਂ ਉਨ੍ਹਾਂ ਦੇ ਬਣਦੇ ਕਾਨੂੰਨੀ ਹੱਕਾਂ ਤੋਂ ਵਾਂਝਾ ਕਰ ਚੁੱਕੀ ਹੈ। ਇਹ ਵੱਖਰੀ ਤੇ ਦੁਖਦਾਈ ਕਹਾਣੀ ਹੈ ਕਿ ਪਿਛਲੇ ਕਰੀਬ ਪੰਜਾਹ ਸਾਲਾਂ ਵਿੱਚ ਕੋਈ ਹੋਰ ਸੂਬਾ ਇਸ ਸ਼ਹਿਰ ਦੀ ਤਰ੍ਹਾਂ ਕੋਈ ਨਵਾਂ ਸ਼ਹਿਰ ਨਹੀਂ ਵਸਾ ਸਕਿਆ। ਵਰਨਣ ਯੋਗ ਹੈ ਕਿ ਅੱਜ ਨਾਲੋਂ ਇਕ ਚੌਥਾਈ ਵਸੋਂ ਲਈ ਵਸਾਏ ਗਏ ਚੰਡੀਗੜ੍ਹ ਵਿੱਚ ਆਬਾਦੀ ਬੇਤਹਾਸ਼ਾ ਵਧ ਗਈ ਜਾਪਦੀ ਹੈ। ਇਸ ਲਈ ਸ਼ਹਿਰ ਦੇ ਚਾਰੇ ਪਾਸੇ ਅਨਿਯਮਿਤ ਰੂਪ ਵਿੱਚ ਕੰਕਰੀਟ ਦਾ ਜੰਗਲ ਉਸਰ ਰਿਹਾ ਹੈ। ਪੰਜਾਬ ਤੇ ਹਰਿਆਣਾ ਵਿਚਾਲੇ ਚੰਡੀਗੜ੍ਹ ਬਾਰੇ ਪੈਦਾ ਹੋਇਆ ਵਿਵਾਦ ਸੁਲਝਣ ਵਾਲਾ ਨਹੀਂ ਜਾਪਦਾ। ਇਸ ਦੇ ਮੱਦੇਨਜ਼ਰ ਮਨੋਹਰ ਲਾਲ ਖੱਟਰ ਵੱਲੋਂ ਚੰਡੀਗੜ੍ਹ ਲਈ ਟ੍ਰਾਈਸਿਟੀ ਯੋਜਨਾ ਬੋਰਡ ਬਣਾਉਣ ਦਾ ਸੁਝਾਅ ਠੀਕ ਹੋ ਸਕਦਾ ਹੈ। ਇਥੇ ਪਹਿਲਾਂ ਕੇਂਦਰੀ ਸ਼ਹਿਰੀ ਵਿਕਾਸ ਸਕੱਤਰ ਦੀ ਅਗਵਾਈ ਹੇਠ ਤਾਲਮੇਲ ਕਮੇਟੀ ਬਣੀ ਹੋਈ ਹੈ, ਜਿਸ ਵਿੱਚ ਪੰਜਾਬ ਤੇ ਹਰਿਆਣਾ ਦੇ ਮੁੱਖ ਸਕੱਤਰ ਮੈਂਬਰ ਵਜੋਂ ਟ੍ਰਾਈਸਿਟੀ ਖੇਤਰ ਦੇ ਵਿਕਾਸ ਦੇ ਰੇੜਕਿਆਂ ਨੂੰ ਹੱਲ ਕਰਦੇ ਹਨ। ਸਿਆਸਤ ਦੇ ਮੱਦੇਨਜ਼ਰ ਖੱਟਰ ਦੇ ਸੁਝਾਅ ਤਹਿਤ ਇਸ ਕਮੇਟੀ ਦਾ ਵੀ ਵਿਸਥਾਰ ਕੀਤਾ ਜਾ ਸਕਦਾ ਹੈ। ਇਸੇ ਤਰ੍ਹਾਂ ਦੋਵੇਂ ਰਾਜ ਚੰਡੀਗੜ੍ਹ ਦਾ ਵਿਕਾਸ ਯਕੀਨੀ ਬਣਾ ਸਕਦੇ ਹਨ। ਬਹਿਸ ਜਾਰੀ ਰਹਿ ਸਕਦੀ ਹੈ।

# ਲੋਕ ਸਭਾ ਚੋਣਾਂ ਵਿੱਚ ਖੇਤਰੀ ਪਾਰਟੀਆਂ ਕਿੰਗ ਮੇਕਰ ਹੋਣਗੀਆਂ

-ਕਲਿਆਣੀ ਸ਼ੰਕਰ

ਸਾਹਮਣੇ ਆ ਰਹੀਆਂ ਲੋਕ ਸਭਾ ਚੋਣਾਂ ਵਿੱਚ ਖੇਤਰੀ ਪਾਰਟੀਆਂ 'ਕਿੰਗ-ਮੇਕਰ' ਹੋਣਗੀਆਂ। ਇਹੋ ਜਿਹੀ ਗੱਲ ਤਾਂ 'ਨਿਊ ਯਾਰਕ ਟਾਈਮਜ਼' ਨੇ ਵੀ ਕਹੀ ਹੈ ਕਿ 'ਜ਼ਿਆਦਾਤਰ ਮਾਹਰਾਂ ਦਾ ਮੰਨਣਾ ਹੈ ਕਿ ਨਾ ਤਾਂ ਮੋਦੀ ਦੀ ਪਾਰਟੀ ਭਾਜਪਾ ਅਤੇ ਨਾ ਕਾਂਗਰਸ ਨੂੰ ਸਪੱਸ਼ਟ ਬਹੁਮਤ ਮਿਲੇਗਾ। ਇਸ ਦਾ ਅਰਥ ਇਹੋ ਹੈ ਕਿ ਖੇਤਰੀ ਅਤੇ ਜਾਤ ਆਧਾਰਤ ਪਾਰਟੀਆਂ ਸ਼ਾਇਦ ਕਿੰਗ-ਮੇਕਰ ਬਣਨਗੀਆਂ।' ਜ਼ਬਰਦਸਤ 'ਮੋਦੀ ਲਹਿਰ' ਦੇ ਬਾਵਜੂਦ ਸਾਲ 2014 ਵਿੱਚ ਖੇਤਰੀ ਪਾਰਟੀਆਂ ਦੀ ਸਾਂਝੀ ਤਾਕਤ 212 ਸੀਟਾਂ ਦੀ ਸੀ, ਜੋ ਇਹ ਦੱਸਦੀ ਹੈ ਕਿ ਉਨ੍ਹਾਂ ਨੂੰ ਅਣਡਿੱਠ ਨਹੀਂ ਕੀਤਾ ਜਾ ਸਕਦਾ। ਉਨ੍ਹਾਂ ਦੀ ਵੋਟ ਹਿੱਸੇਦਾਰੀ ਵੀ ਲਗਭਗ ਬਰਾਬਰ ਸੀ। ਮਮਤਾ ਬੈਨਰਜੀ (ਪੱਛਮੀ ਬੰਗਾਲ), ਨਵੀਨ ਪਟਨਾਇਕ (ਉੜੀਸਾ) ਤੇ ਸਵਰਗੀ ਜੈਲਲਿਤਾ (ਤਾਮਿਲ ਨਾਡੂ) ਵਰਗੇ ਖੇਤਰੀ ਨੇਤਾਵਾਂ ਦੀ ਆਪੋ-ਆਪਣੇ ਰਾਜਾਂ 'ਤੇ ਪੱਕੀ ਪਕੜ ਰਹੀ ਹੈ। ਭਾਜਪਾ ਨੂੰ ਇਨ੍ਹਾਂ ਪਾਰਟੀਆਂ ਦਾ ਸਾਹਮਣਾ ਕਰਨ ਲਈ ਸ਼ਾਇਦ ਮੁਸ਼ਕਲ ਦਾ ਸਾਹਮਣਾ ਕਰਨਾ ਪਵੇਗਾ।

ਇੱਕ ਰਣਨੀਤੀ ਦੇ ਤਹਿਤ ਪਾਰਟੀ ਨੂੰ ਯੂ ਪੀ ਵਿੱਚ ਸਮਾਜਵਾਦੀ-ਬਸਪਾ ਗਠਜੋੜ ਦਾ ਸਾਹਮਣਾ ਕਰਨਾ ਪਵੇਗਾ। ਬਿਹਾਰ ਵਿੱਚ ਇਸ ਨੇ ਰਾਸ਼ਟਰੀ ਜਨਤਾ ਦਲ ਦਾ ਸਾਹਮਣਾ ਕਰਨਾ ਲਈ ਜਨਤਾ ਦਲ (ਯੂ) ਨਾਲ ਗਠਜੋੜ ਕੀਤਾ ਹੈ ਅਤੇ ਇਸ ਵੇਲੇ ਇਹ ਪੱਛਮੀ ਬੰਗਾਲ ਅਤੇ ਉੜੀਸਾ 'ਚ ਆਪਣੇ ਪੈਰ ਪਸਾਰਨ ਦੀ ਕੋਸ਼ਿਸ਼ ਕਰ ਰਹੀ ਹੈ। ਟੀ ਆਰ ਐਸ ਅਤੇ ਵਾਈ ਐਸ ਆਰ ਕਾਂਗਰਸ ਦੇ ਨਾਲ ਇਹ ਤਾਮਿਲ ਨਾਡੂ ਵਿੱਚ ਅੰਨਾ ਡੀ ਐੱਮ ਕੇ ਨਾਲ ਚੋਣਾਂ ਤੋਂ ਬਾਅਦ ਗਠਜੋੜ ਲਈ ਉਡੀਕ ਕਰ ਰਹੀ ਹੈ। ਦਿਲਚਸਪ ਗੱਲ ਇਹ ਹੈ ਕਿ ਸੂਬਿਆਂ 'ਚ ਵੱਖ-ਵੱਖ ਸਿਆਸੀ ਪਾਰਟੀਆਂ ਦਾ ਸਾਹਮਣਾ ਕਰਨ ਦੀ ਥਾਂ ਕਾਂਗਰਸ ਨਾਲ ਸਿੱਧੀ ਲੜਾਈ ਸ਼ਾਇਦ ਭਾਜਪਾ ਲਈ ਆਸਾਨ ਹੋਵੇਗੀ। ਕਾਂਗਰਸ ਦਾ ਸਾਹਮਣਾ ਕਰਨਾ ਸਿਰਫ ਉਸ ਨੂੰ ਨਿੰਦਣਾ ਹੋ ਸਕਦਾ ਹੈ, ਪਰ ਇਸ ਨੂੰ ਤੇਲਗੂ ਦੇਸ਼ਮ ਪਾਰਟੀ, ਵਾਈ ਐੱਸ ਆਰ ਕਾਂਗਰਸ, ਟੀ ਆਰ ਐੱਸ, ਬੀਜੂ ਜਨਤਾ ਦਲ, ਤ੍ਰਿਣਮੂਲ ਕਾਂਗਰਸ, ਡੀ ਐੱਮ ਕੇ ਅਤੇ ਅੰਨਾ ਡੀ ਐੱਮ ਕੇ ਆਦਿ ਵੱਖ-ਵੱਖ ਖੇਤਰੀ ਪਾਰਟੀਆਂ ਦੇ ਮੁਕਾਬਲੇ ਲਈ ਵੱਖਰੀਆਂ ਸਕ੍ਰਿਪਟਸ ਦੀ ਲੋੜ ਹੋਵੇਗੀ, ਜਿਨ੍ਹਾਂ ਨੇ ਭਾਜਪਾ ਦੀ ਕੌਮਵਾਦੀ ਸਕ੍ਰਿਪਟ ਦਾ ਮੁਕਾਬਲਾ ਕਰਨ ਲਈ ਆਪਣੀਆਂ ਖੇਤਰੀ ਸਕ੍ਰਿਪਟਾਂ ਤਿਆਰ ਕਰ ਲਈਆਂ ਹਨ।

ਦੱਖਣ ਵਿੱਚ, ਜਿੱਥੇ ਖੇਤਰੀ ਪਾਰਟੀਆਂ ਦੀ ਚੰਗੀ ਪਕੜ ਹੈ, ਮੋਦੀ ਲਹਿਰ ਦੇ ਬਾਵਜੂਦ ਭਾਜਪਾ ਸਿਰਫ 22 ਸੀਟਾਂ ਜਿੱਤ ਸਕੀ ਸੀ। ਦੱਖਣੀ ਸੂਬਿਆਂ ਵਿੱਚ ਇਸ ਦਾ ਕੋਈ ਸਹਿਯੋਗੀ ਨਹੀਂ ਬਣਦਾ ਹੈ। ਸਵਰਗੀ ਜੈਲਲਿਤਾ ਅਤੇ ਸਵਰਗੀ ਕਰੁਣਾਨਿਧੀ ਤੋਂ ਬਾਅਦ ਉਨ੍ਹਾਂ ਦੀਆਂ ਪਾਰਟੀਆਂ ਨਾਲ ਗਠਜੋੜ ਕਰਨ ਦੀ ਭਾਜਪਾ ਦੀ ਕੋਸ਼ਿਸ਼ ਹਾਲਤੇ ਤੱਕ ਅਸਫਲ ਰਹੀ ਹੈ, ਹਾਲਾਂਕਿ ਅੰਨਾ ਡੀ ਐੱਮ ਕੇ ਨਾਲ ਗਠਜੋੜ ਹੋਣ ਦੀ ਸੰਭਾਵਨਾ ਬਣ ਰਹੀ ਹੈ। ਕੇਰਲ ਯੂ ਡੀ ਐੱਫ ਅਤੇ ਐੱਸ ਡੀ ਐੱਫ ਦੇ ਗੱਠਜੋੜਾਂ ਵਿੱਚਲੇ ਝੂਲਦਾ ਰਹਿੰਦਾ ਹੈ। ਆਂਧਰਾ ਪ੍ਰਦੇਸ਼ ਅਤੇ ਤੇਲੰਗਾਨਾ ਖੇਤਰੀ ਨੇਤਾਵਾਂ ਦੀ ਪਕੜ ਵਿੱਚ ਹਨ। ਸਾਲ 80 ਦੇ ਦਹਾਕੇ ਵਿੱਚ ਜਾਤ ਧਰਮ ਅਤੇ ਖੇਤਰਵਾਦ ਦੇ ਆਧਾਰ ਉੱਤੇ ਜਾਤੀਵਾਦੀ ਪਛਾਣ ਦੀ ਸਿਆ-ਸਤ ਉਭੱਰਨ ਤੋਂ ਬਾਅਦ ਖੇਤਰੀ ਪਾਰਟੀਆਂ ਦੀ ਗਿਣਤੀ ਵਿੱਚ ਕਾਫੀ ਵਾਧਾ ਹੋਇਆ ਹੈ। ਉਹ ਚਾਰ ਪ੍ਰਮੁੱਖ ਮੁੱਦਿਆਂ 'ਤੇ ਕੰਮ ਕਰਦੀਆਂ ਹਨ; ਖੁਦਮੁਖਤਿਆਰੀ (ਨੈਸ਼ਨਲ ਕਾਨਫਰੰਸ ਆਦਿ ਪਾਰਟੀਆਂ), ਸੂਬੇ ਦਾ ਦਰਜਾ (ਪਹਿਲਾਂ ਤੇਲੰਗਾਨਾ ਤੇ ਅੱਜ ਕੱਲ੍ਹ ਆਮ ਆਦਮੀ ਪਾਰਟੀ), ਪਛਾਣ (ਸ਼ਿਵ ਸੈਨਾ) ਅਤੇ ਵਿਕਾਸ। ਆਮ ਤੌਰ 'ਤੇ ਆਪਣੇ ਉਭਾਰ ਲਈ ਇਹ ਪਾਰਟੀਆਂ ਇਨ੍ਹਾਂ 'ਚੋਂ ਦੋ ਜਾਂ ਜ਼ਿਆਦਾ ਮੁੱਦਿਆਂ ਨੂੰ ਸ਼ਾਮਲ ਕਰ ਲੈਂਦੀਆਂ ਹਨ।

ਖੇਤਰੀ ਪਾਰਟੀਆਂ ਦੇ ਵਾਧੇ ਦੇ ਕਈ ਕਾਰਨ ਹਨ, ਜਿਵੇਂ ਲੋਕਾਂ ਦਾ ਕੌਮੀ ਪਾਰਟੀਆਂ ਤੋਂ ਮੋਹ ਭੰਗ, ਵਿਕਾਸ ਲਈ ਤੜਫ, ਮਜ਼ਬੂਤ ਖੇਤਰੀ ਨੇਤਾਵਾਂ ਦਾ ਉਭਾਰ ਅਤੇ ਭਾਵਨਾਤਮਕ ਮੁੱਦੇ, ਜੋ ਲੋਕਾਂ ਦਾ ਧਿਆਨ ਖਿੱਚਦੇ ਹਨ। ਤਾਮਿਲ ਨਾਡੂ, ਆਂਧਰਾ ਪ੍ਰਦੇਸ਼, ਉੜੀਸਾ, ਬਿਹਾਰ ਤੇ ਤੇਲੰਗਾਨਾ ਵਰਗੇ ਕੁਝ ਸੂਬਿਆਂ ਵਿੱਚ ਖੇਤਰੀ ਪਾਰਟੀਆਂ ਵਿਕਾਸ ਅਤੇ ਪ੍ਰਸ਼ਾਸਨ ਦੇ ਮੁੱਦਿਆਂ 'ਤੇ ਧਿਆਨ ਦੇ ਕੇ ਜ਼ਿਕਰਯੋਗ ਸਫਲਤਾ ਹਾਸਲ ਕਰਨ ਵਿੱਚ ਸਫਲ ਰਹੀਆਂ ਹਨ। ਤਾਮਿਲ ਨਾਡੂ 'ਚ ਅੰਨਾ ਡੀ ਐੱਮ ਕੇ ਅਤੇ ਡੀ ਐੱਮ ਕੇ ਦੀ ਅਗਵਾਈ ਵਾਲੀਆਂ ਸਰਕਾਰਾਂ ਨੇ ਜਨ-ਸਿਹਤ ਦੀ ਦਿਸ਼ਾ 'ਚ ਚੰਗੀ ਜਾਣਕਾਰੀ ਦਿਖਾਈ ਹੈ। ਉੜੀਸਾ ਤੇ ਆਂਧਰਾ ਪ੍ਰਦੇਸ਼ ਵਿੱਚ ਸੂਬਾ ਸਰਕਾਰਾਂ ਨੇ ਕੁਦਰਤੀ ਆਫਤਾਂ ਨਾਲ ਨਜਿੱਠਣ ਦੇ ਮਾਮਲੇ ਵਿੱਚ ਚੰਗਾ ਕੰਮ ਕੀਤਾ ਹੈ। ਪਿਛਲੇ ਦੋ ਦਹਾਕਿਆਂ ਵਿੱਚ ਇਨ੍ਹਾਂ ਖੇਤਰੀ ਪਾਰਟੀਆਂ ਦੀ ਵੋਟ ਹਿੱਸੇਦਾਰੀ ਵਧੀ ਹੈ। ਇਥੋਂ ਤੱਕ ਕਿ ਤੇਲੰਗਾਨਾ ਤੇ ਮਿਜ਼ੋਰਮ ਦੀਆਂ ਪਿੱਛੇ ਜਿਹੇ ਹੋਈਆਂ ਵਿਧਾਨ ਸਭਾ ਚੋਣਾਂ 'ਚ ਖੇਤਰੀ ਪਾਰਟੀਆਂ ਨੇ ਚੰਗੀ ਕਾਰਗੁਜ਼ਾਰੀ ਦਿਖਾਈ ਹੈ। ਗੈਰ-ਭਾਜਪਾ ਤੇ ਗੈਰ-ਕਾਂਗਰਸ ਨਾਲ ਸੂਬਿਆਂ ਵਿੱਚ 2014 ਤੋਂ ਬਾਅਦ ਦਾ ਰੁਝਾਨ ਸਪੱਸ਼ਟ ਦਿਖਾਈ ਦਿੰਦਾ ਹੈ। ਇਸ ਦੇ ਨਾਲ ਭਾਜਪਾ ਜਿਹੜੇ ਰਾਜਾਂ 'ਚ ਵਿਧਾਨ ਸਭਾ ਚੋਣਾਂ ਹਾਰੀ ਹੈ, ਉਹ ਖੇਤਰੀ ਪਾਰਟੀਆਂ ਹੱਥੋਂ ਹਾਰੀ ਹੈ। ਇਸ ਲਈ ਇਹ ਸਪੱਸ਼ਟ ਹੈ ਕਿ ਹੋਣ ਵਾਲੀਆਂ ਲੋਕ ਸਭਾ ਚੋਣਾਂ ਵਿੱਚ ਖੇਤਰੀ ਪਾਰਟੀਆਂ ਅਹਿਮ ਭੂਮਿਕਾ ਨਿਭਾਅ ਸਕਦੀਆਂ ਹਨ।

ਦਿਲਚਸਪ ਗੱਲ ਇਹ ਵੀ ਹੈ ਕਿ ਕੁਝ ਖੇਤਰੀ ਪਾਰਟੀਆਂ ਦੀਆਂ ਕੌਮੀ ਇੱਛਾਵਾਂ ਹਨ। ਆਂਧਰਾ ਪ੍ਰਦੇਸ਼ ਦੇ ਮੁੱਖ ਮੰਤਰੀ ਐੱਨ ਚੰਦਰਬਾਬੂ ਨਾਇਡੂ ਇੱਕ ਭਾਜਪਾ ਵਿਰੋਧੀ ਕੌਮੀ ਮੋਰਚੇ ਲਈ ਕੰਮ ਕਰ ਰਹੇ ਹਨ, ਕੇ ਚੰਦਰਸ਼ੇਖਰ ਰਾਓ ਦਾ ਉਦੇਸ਼ ਭਾਜਪਾ ਨਾਲ ਲੜਨ ਲਈ ਗੈਰ-ਭਾਜਪਾ, ਗੈਰ-ਕਾਂਗਰਸ ਪਾਰਟੀਆਂ ਦਾ ਇੱਕ ਪੱਕਾ ਮੋਰਚਾ ਬਣਾਉਣਾ ਹੈ। ਯੂ ਪੀ ਵਿੱਚ ਸਮਾਜਵਾਦੀ-ਬਸਪਾ-ਰਾਸ਼ਟਰੀ ਲੋਕ ਦਲ ਦਾ ਗਠਜੋੜ ਭਾਜਪਾ ਨੂੰ ਨੁਕਸਾਨ ਪਹੁੰਚਾ ਸਕਦਾ ਹੈ। ਇਨ੍ਹਾਂ ਪਾਰਟੀਆਂ ਨੇ ਪਿੱਛੇ ਜਿਹੇ ਲੋਕ ਸਭਾ ਅਤੇ ਵਿਧਾਨ ਸਭਾ ਦੀਆਂ ਉਪ ਚੋਣਾਂ ਮਿਲ ਕੇ ਲੜੀਆਂ ਤਾਂ ਸ਼ਾਨਦਾਰ ਨਤੀਜੇ ਆਏ ਸਨ। ਇਸ ਦੀ ਮਹੱਤਤਾ ਨੂੰ ਮਹਿਸੂਸ ਕਰ ਕੇ ਕਾਂਗਰਸ ਕਈ ਰਾਜਾਂ ਵਿੱਚ ਖੇਤਰੀ ਪਾਰਟੀਆਂ ਨਾਲ ਗਠਜੋੜ ਕਰ ਰਹੀ ਹੈ। ਘੱਟੋ-ਘੱਟ ਪੰਜ ਵੱਡੇ ਰਾਜਾਂ ਗੁਜਰਾਤ, ਮੱਧ ਪ੍ਰਦੇਸ਼, ਰਾਜਸਥਾਨ ਅਤੇ ਹਰਿਆਣਾ ਵਿੱਚ ਭਾਜਪਾ ਅਤੇ ਕਾਂਗਰਸ ਵਿਚਾਲੇ ਸਿੱਧੀ ਟੱਕਰ ਹੋਵੇਗੀ, ਜਦ ਕਿ ਬਾਕੀ ਸੂਬਿਆਂ ਵਿੱਚ ਖੇਤਰੀ ਪਾਰਟੀਆਂ ਆਪਣੀ ਤਾਕਤ ਦਾ ਇਸਤੇਮਾਲ ਕਰਨਗੀਆਂ। ਕਾਂਗਰਸ ਨੇ ਕੁਝ ਰਾਜਾਂ ਵਿੱਚ ਖੇਤਰੀ ਪਾਰਟੀਆਂ ਨਾਲ ਗਠਜੋੜ ਕੀਤਾ ਹੈ, ਜਿਨ੍ਹਾਂ ਵਿੱਚ ਮਹਾਰਾਸ਼ਟਰ (ਐੱਨ ਸੀ ਪੀ), ਕੇਰਲ (ਯੂ ਡੀ ਐੱਫ), ਕਰਨ-ਾਟਕ (ਜਨਤਾ ਦਲ-ਐਸ), ਜੰਮੂ-ਕਸ਼ਮੀਰ (ਨੈਸ਼ਨਲ ਕਾਨਫਰੰਸ), ਤਾਮਿਲ ਨਾਡੂ (ਡੀ ਐਮ ਕੇ), ਬਿਹਾਰ (ਰਾਸ਼ਟਰੀ ਜਨਤਾ ਦਲ) ਅਤੇ ਝਾਰਖੰਡ (ਝਾਰਖੰਡ ਮੁਕਤੀ ਮੋਰਚਾ) ਸ਼ਾਮਲ ਹਨ। ਆਉਣ ਵਾਲੀਆਂ ਲੋਕ ਸਭਾ ਚੋਣਾਂ ਵਿੱਚ 272 ਸੀਟਾਂ ਦਾ ਅੰਕੜਾ ਪਾਰ ਕਰਨ ਲਈ ਕਾਂਗਰਸ ਅਤੇ ਇਸ ਦੇ ਸਹਿਯੋਗੀਆਂ ਵਾਸਤੇ ਚੰਗੀ ਕਾਰਗੁਜ਼ਾਰੀ ਦਿਖਾਉਣਾ ਆਹਿਮ ਹੋਵੇਗਾ। ਜੇ ਲੋਕ ਸਭਾ ਚੋਣਾਂ ਦੌਰਾਨ ਇਹ ਗਠਜੋੜ ਬਣੇ ਰਹੇ ਤਾਂ ਨਤੀਜੇ 2014 ਦੇ ਚੋਣ ਨਤੀਜਿਆਂ ਤੋਂ ਕਾਫੀ ਵੱਖਰੇ ਹੋਣਗੇ। ਆਪਣੀ ਮਹੱਤਤਾ ਜਾਣਦੇ ਹੋਏ ਖੇਤਰੀ ਪਾਰਟੀਆਂ ਆਪੋ-ਆਪਣੀ ਤਿਆਰੀ ਕਰ ਰਹੀਆਂ ਹਨ, ਹਾਲਾਂਕਿ ਸਿਰਫ ਕਾਂਗਰਸ ਅਤੇ ਭਾਜਪਾ 50 ਸੀਟਾਂ ਦਾ ਅੰਕੜਾ ਪਾਰ ਕਰ ਸਕਦੀਆਂ ਹਨ।

ਇਹ ਸਪੱਸ਼ਟ ਹੈ ਕਿ ਭਾਜਪਾ ਲਈ ਜਿੱਤ ਦਾ ਅੰਕੜਾ ਕਾਫੀ ਹੱਦ ਤੱਕ ਇਸ ਗੱਲ 'ਤੇ ਨਿਰਭਰ ਕਰੇਗਾ ਕਿ ਪਾਰਟੀ ਇਨ੍ਹਾਂ ਖੇਤਰੀ ਪਾਰਟੀਆਂ ਨਾਲ ਕਿਵੇਂ ਨਜਿੱਠਦੀ ਹੈ ਕਿਉਂਕਿ ਇਹ ਪਾਰਟੀਆਂ ਚੁਣੌਤੀ ਦੇਣ ਵਾਲੀਆਂ ਹਨ। ਇਨ੍ਹਾਂ ਨਾਲ ਟੱਕਰਨ ਲਈ ਭਾਜਪਾ ਨੂੰ ਜ਼ਰੂਰੀ ਤੌਰ 'ਤੇ ਸੂਬਾ ਆਧਾਰਤ ਰਣਨੀਤੀ ਬਣਾਉਣੀ ਪਵੇਗੀ।

## ਜਦੋਂ ਬੰਬੂਕਾਟ ਨੇ ਜਾਨ ਬਚਾਈ..

-ਪ੍ਰਕਾਸ਼ ਸਿੰਘ

ਸਾਲ 1970 ਵਿੱਚ ਜਦੋਂ ਮੈਂ ਬੀ ਏ ਕੀਤੀ ਤਾਂ ਕੁਝ ਸਮੇਂ ਬਾਅਦ ਮੈਨੂੰ ਐਫ ਸੀ ਆਈ ਵਿੱਚ ਨੌਕਰੀ ਮਿਲ ਗਈ। ਮੇਰੀ ਡਿਊਟੀ ਮਾਲੇਰਕੋਟਲਾ ਸੀ ਅਤੇ ਰੋਜ਼ ਡਿਊਟੀ 'ਤੇ ਜਾਣ ਲਈ ਆਪਣੇ ਪਿੰਡ ਤੋਂ ਮਾਲੇਰਕੋਟਲੇ ਤੱਕ 38 ਕਿਲੋਮੀਟਰ ਸਾਈਕਲ ਚਲਾਉਣਾ ਪੈਂਦਾ ਸੀ, ਕਿਉਂਕਿ ਉਸ ਵਕਤ ਪਿੰਡਾਂ ਵਿੱਚ ਬੱਸਾਂ ਦੇ ਜ਼ਿਆਦਾ ਰੂਟ ਨਹੀਂ ਸਨ ਅਤੇ ਡਿਊਟੀ ਉਤੇ ਪੁੱਜਣ ਲਈ ਦੇਰ ਹੋ ਜਾਂਦੀ ਸੀ। ਜਦੋਂ ਮੈਨੂੰ ਨੌਕਰੀ ਕਰਦੇ ਨੂੰ ਸੱਤ ਅੱਠ ਸਾਲ ਹੋਏ ਅਤੇ ਚਾਰ ਪੈਸੇ ਬਚ ਗਏ ਤਾਂ ਮੈਂ ਸੌਖ ਦੀ ਖਾਤਰ ਮੋਟਰ ਸਾਈਕਲ ਲੈਣ ਬਾਰੇ ਸੋਚਿਆ। ਇਸ ਬਾਰੇ ਆਪਣੇ ਦੋਸਤ ਨਾਲ ਗੱਲ ਕੀਤੀ ਤਾਂ ਉਹਨੇ ਪੂਰੀ ਹੱਲਾਸ਼ੇਰੀ ਦਿੱਤੀ ਅਤੇ ਤਿੰਨ ਕੁ ਦਿਨਾਂ ਬਾਅਦ ਮੈਂ ਤੇ ਮੇਰਾ ਉਹ ਦੋਸਤ ਮੋਟਰ ਸਾਈਕਲ ਲੈਣ ਲੁਧਿਆਣੇ ਏਜੰਸੀ ਵਿੱਚ ਪਹੁੰਚ ਗਏ ਸਾਂ। ਮੈਨੂੰ ਤਾਰੀਕ ਵੀ ਯਾਦ ਹੈ, ਛੇ ਫਰਵਰੀ 1978 ਵਾਲੇ ਦਿਨ 6800 ਰੁਪਏ ਵਿੱਚ ਮੈਂ ਯੈਜ਼ਦੀ ਮੋਟਰ ਸਾਈਕਲ ਲੈ ਕੇ ਘਰ ਆ ਗਿਆ। ਘਰ ਪਹੁੰਚਦੇ ਹੀ ਲੋਕਾਂ ਦੀ ਭੀੜ ਮੋਟਰ ਸਾਈਕਲ ਦੇਖਣ ਆ ਗਈ।

ਘਰ ਦੇ ਸਾਰੇ ਜੀਅ ਤੇ ਪਿੰਡ ਦੇ ਲੋਕ ਚਾਈਂ-ਚਾਈਂ ਮੋਟਰ ਸਾਈਕਲ ਦੇਖ ਰਹੇ ਸਨ ਕਿ ਅਚਾਨਕ ਰੌਲਾ ਪੈਣਾ ਸ਼ੁਰੂ ਹੋ ਗਿਆ ਕਿ ਮਜ਼ਹਬੀ ਸਿੱਖਾਂ ਦੀ ਕੁੜੀ ਕੋਠੇ ਤੋਂ ਡਿੱਗ ਪਈ ਹੈ, ਉਸ ਦੇ ਬਹੁਤ ਸੱਟਾਂ ਲੱਗੀਆਂ ਹਨ। ਉਨ੍ਹਾਂ ਦਾ ਘਰ ਸਾਡੇ ਘਰ ਤੋਂ ਥੋੜ੍ਹੀ ਜਿਹੀ ਦੂਰੀ 'ਤੇ ਸੀ। ਇੰਨੇ ਨੂੰ ਉਸ ਕੁੜੀ ਦਾ ਪਿਤਾ ਹਫਿਆ ਹੋਇਆ ਸਾਡੇ ਘਰ ਆਇਆ। ਉਸ ਨੂੰ ਵੀ ਕਿਤਿਓਂ ਪਤਾ ਲੱਗ ਗਿਆ ਸੀ ਕਿ ਮੈਂ ਮੋਟਰ ਸਾਈਕਲ ਲੈ ਲਿਆ ਹੈ।

ਜ਼ਖਮੀ ਕੁੜੀ ਦੇ ਪਿਤਾ ਨੇ ਮੈਥੋਂ ਮਦਦ ਮੰਗੀ ਕਿ ਮੈਂ ਉਸ ਦੀ ਕੁੜੀ ਨੂੰ ਸ਼ਹਿਰ ਮੋਟਰ ਸਾਈਕਲ ਉਤੇ ਲੈ ਜਾਵਾਂ। ਸ਼ਾਮ ਦਾ ਸਮਾਂ ਸੀ। ਉਸ ਸਮੇਂ ਪਿੰਡ ਵਿੱਚ ਕੋਈ ਕਾਰ ਜਾਂ ਕੋਈ ਹੋਰ ਮੋਟਰ ਸਾਈਕਲ ਨਹੀਂ ਸੀ ਅਤੇ ਉਦੋਂ ਤੱਕ ਆਖਰੀ ਬੱਸ ਲੰਘ ਚੁੱਕੀ ਸੀ। ਇਸ ਤੋਂ ਪਹਿਲਾਂ ਕਿ ਮੈਂ ਕੁਝ ਬੋਲਦਾ, ਮੇਰੀ ਬੇਬੇ ਜੋ ਵਹਿਮੀ ਬਹੁਤ ਜ਼ਿਆਦਾ ਸੀ, ਮੈਨੂੰ ਅੰਦਰ ਲੈ ਗਈ ਅਤੇ ਕਾਨਾਫੂਸੀ ਕਰਦੀ ਆਖਣ ਲੱਗੀ, 'ਪੁੱਤ! ਆਪਾਂ ਪਹਿਲਾਂ ਗੁਰਦੁਆਰੇ ਮੱਥਾ ਟੇਕਣਾ, ਨਾਲੇ ਇਹਦੇ ਟਾਇਰਾਂ 'ਤੇ ਸਰੋਵਰ ਦਾ ਪਾਣੀ ਪਾਉਣੈ, ਤੂੰ ਜਵਾਬ ਦੇ ਦੇ। ਧਾਰਮਿਕ ਸਥਾਨ ਤੋਂ ਪਹਿਲਾਂ 'ਬੰਬੂਕਾਟ' ਨੂੰ ਕਿਤੇ ਨਾ ਲੈ ਕੇ ਜਾਈਂ।' ਬੇਬੇ ਮੋਟਰ ਸਾਈਕਲ ਨੂੰ ਬੰਬੂਕਾਟ ਹੀ ਕਹਿੰਦੀ ਸੀ।

ਮੈਂ ਬੇਬੇ ਨੂੰ ਸਮਝਾਉਂਦਿਆਂ ਕਿਹਾ ਕਿ ਬਾਣੀ ਸਾਨੂੰ ਇਹੀ ਸਮਝਾਉਂਦੀ ਹੈ ਕਿ ਪਹਿਲਾਂ ਦੂਜਿਆਂ ਦੀ ਮਦਦ ਕਰੋ, ਲੋੜਵੰਦਾਂ ਦਾ ਸਹਾਰਾ ਬਣੋ। ਉਸ ਵਕਤ ਬੇਬੇ ਸਮਝੀ ਜਾਂ ਨਾ, ਇਹ ਤਾਂ ਪਤਾ ਨਹੀਂ, ਪਰ ਮੈਂ ਉਸੇ ਵੇਲੇ ਮੋਟਰ ਸਾਈਕਲ ਨੂੰ ਕਿੱਕ ਮਾਰ ਦਿੱਤੀ ਤੇ ਉਨ੍ਹਾਂ ਦੇ ਘਰ ਪਹੁੰਚ ਗਿਆ। ਕੁੜੀ ਨੂੰ ਉਸ ਦੇ ਪਿਤਾ ਨੇ ਵਿਚਾਲੇ ਬਿਠਾਇਆ ਅਤੇ ਆਪ ਉਸ ਨੂੰ ਫੜ ਕੇ ਪਿੱਛੇ ਬੈਠ ਗਿਆ। ਸੱਟ ਵਾਲੀ ਥਾਂ ਤੋਂ ਬਹੁਤ ਖ਼ੂਨ ਨਿਕਲ ਰਿਹਾ ਸੀ। ਅਸੀਂ ਅੱਧੇ ਘੰਟੇ ਵਿੱਚ ਸ਼ਹਿਰ ਦੇ ਸਰਕਾਰੀ ਹਸਪਤਾਲ ਜਾ ਪਹੁੰਚੇ। ਡਾਕਟਰਾਂ ਦਾ ਆਖਣਾ ਸੀ ਕਿ ਜੇ ਅੱਧਾ ਘੰਟਾ ਕੁੜੀ ਨੂੰ ਹੋਰ ਨਾ ਲਿਆਂਦਾ ਜਾਂਦਾ ਤਾਂ ਇਹ ਸ਼ਾਇਦ ਬਚ ਨਾ ਸਕਦੀ। ਹਫਤੇ ਕੁ ਬਾਅਦ ਕੁੜੀ ਨੂੰ ਹਸਪਤਾਲੋਂ ਛੁੱਟੀ ਮਿਲ ਗਈ। ਅੱਜ ਉਹ ਖੁਸ਼ੀਆਂ ਦੀ ਜ਼ਿੰਦਗੀ ਬਤੀਤ ਕਰ ਰਹੀ ਹੈ। ਬਾਅਦ ਵਿੱਚ ਜਦੋਂ ਮੋਟਰ ਸਾਈਕਲ ਚਲਾਉਂਦਿਆਂ ਮੇਰਾ ਇਕ ਦੋ ਵਾਰ ਐਕਸੀਡੈਂਟ ਹੋ ਗਿਆ ਤਾਂ ਬੇਬੇ ਇਸ ਦਾ ਕਾਰਨ ਸਭ ਤੋਂ ਪਹਿਲਾਂ ਮੋਟਰ ਸਾਈਕਲ ਨੂੰ ਧਾਰਮਿਕ ਸਥਾਨ 'ਤੇ ਨਾ ਲਿਜਾਣ ਨੂੰ ਮੰਨਦੀ ਰਹੀ। ਅੱਜ ਮੈਂ ਸੋਚਦਾ ਹਾਂ ਕਿ ਬੇਬੇ ਤਾਂ ਅਨਪੜ੍ਹ ਸੀ, ਪਰ ਅੱਜ ਕੱਲ੍ਹ ਤਾਂ ਪੜ੍ਹੇ ਲਿਖੇ ਲੋਕ ਵੀ ਕਿਤੇ ਜਾਣ ਤੋਂ ਪਹਿਲਾਂ ਆਪਣਾ ਰਾਸ਼ੀਫਲ ਦੇਖਦੇ ਹਨ।

## ਰਸੋਈ — ਬਰੈੱਡ ਇਡਲੀ

ਸਮੱਗਰੀ-ਪੰਜ-ਛੇ ਬਰੈੱਡ ਸਲਾਈਸ, ਇੱਕ ਕੱਪ ਸੂਜੀ, ਦਹੀ ਅੱਧਾ ਕੱਪ, ਗਾਜਰ, ਪੱਤਾ ਗੋਭੀ, ਪਿਆਜ, ਟਮਾਟਰ, ਸ਼ਿਮਲਾ ਮਿਰਚ (ਕੱਟੇ ਹੋਏ) ਇੱਕ ਕੱਪ, ਨਮਕ, ਲਾਲ ਮਿਰਚ ਪਾਊਡਰ ਇੱਕ ਛੋਟਾ ਚਮਚ, ਗਰਮ ਮਸਾਲਾ ਅਤੇ ਚਾਟ ਮਸਾਲਾ ਸਵਾਦਅਨੁਸਾਰ, ਈਨੋ ਇੱਕ ਪਾਊਚ, ਇੱਕ ਵੱਡਾ ਚਮਚ ਤੇਲ।

ਵਿਧੀ- ਬਰੈੱਡ ਨੂੰ ਚਕੋਰ ਕੱਟ ਕੇ ਵਿਚਲਾ ਹਿੱਸਾ ਕੱਢ ਲਓ। ਬਾਊਲ ਵਿੱਚ ਸੂਜੀ, ਦਹੀ, ਨਮਕ ਪਾ ਕੇ ਅੱਧੇ ਘੰਟੇ ਤੱਕ ਰੱਖ ਦਿਓ। ਅੱਧੇ ਘੰਟੇ ਬਾਅਦ ਗਰਮ ਮਸਾਲਾ, ਲਾਲ ਮਿਰਚ ਪਾਊਡਰ, ਚਾਟ ਮਸਾਲਾ ਤੇ ਬਰੀਕ ਕੱਟੀਆਂ ਸਬਜ਼ੀਆਂ ਪਾ ਕੇ ਮਿਲਾ ਲਓ। ਅਖੀਰ ਵਿੱਚ ਈਨੋ ਪਾ ਕੇ ਮਿਸ਼ਰਣ ਨੂੰ ਚੰਗੀ ਤਰ੍ਹਾਂ ਮਿਕਸ ਕਰ ਲਓ। ਨਾਨਸਟਿਕ ਤਵੇ 'ਤੇ ਤੇਲ ਪਾ ਕੇ ਬਰੈੱਡ ਰੱਖੋ ਵਿਚਕਾਰ ਸੂਜੀ ਦਾ ਮਿਸ਼ਰਣ ਭਰ ਦਿਓ। ਢਕ ਕੇ ਪਕਾਓ, ਜਦ ਇੱਕ ਪਾਸੇ ਸੇਕਿਆ ਜਾਏ ਤਾਂ ਪਲਟ ਕੇ ਦੂਸਰੇ ਪਾਸੇ ਸੇਕੋ। ਵਿਚਕਾਰੋਂ ਇਟਲੀ ਫੁੱਲ ਜਾਏਗੀ। ਇਹ ਬਹੁਤ ਹੀ ਵਧੀਆ ਨਾਸ਼ਤਾ ਹੈ ਬੱਚਿਆਂ ਦੇ ਲਈ।

## ਹਲਕਾ ਫੁਲਕਾ

ਪੱਤਰਕਾਰ ਇੱਕ ਨੇਤਾ ਦਾ ਭਾਸ਼ਣ ਸੁਣ ਕੇ ਦਫਤਰ ਆਇਆ। ਸੰਪਾਦਕ ਨੇ ਪੁੱਛਿਆ, "ਕੀ ਕਿਹਾ ਨੇਤਾ ਜੀ ਨੇ?"
"ਕੁਝ ਖਾਸ ਨਹੀਂ।"
"ਠੀਕ ਹੈ ਦੋ ਕਾਲਮ ਤੋਂ ਵੱਧ ਨਾ ਲਿਖਣਾ।" ਸੰਪਾਦਕ ਨੇ ਹੁਕਮ ਦਿੱਤਾ।
ਪੱਤਰਕਾਰ ਹੈਰਾਨ: 'ਕੁਝ ਖਾਸ ਨਹੀਂ, ਫਿਰ ਵੀ ਦੋ ਕਾਲਮ!'

*********

ਰਾਜੂ, "ਮੈਂ ਇਹ ਕਿਵੇਂ ਸਮਝਾਂ ਕਿ ਤੁਸੀਂ ਬਹਾਦਰ ਇਨਸਾਨ ਹੋ?"
ਰਮੇਸ਼, "ਮੈਂ ਇੱਕ ਵਾਰ ਇੱਕ ਪਹਿ-ਲਵਾਨ ਨਾਲ ਲੜ ਚੁੱਕਾ ਹਾਂ।"
ਰਾਜੂ, "...ਤਾਂ ਕੀ ਤੂੰ ਜਿੱਤ ਗਿਆ ਸੀ?"
ਰਮੇਸ਼, "ਜਦੋਂ ਮੈਦਾਨ 'ਚ ਦੋ ਪਹਿਲਵਾਨ ਹੋਣਗੇ ਤਾਂ ਇੱਕ ਜਣਾ ਹਾਰੇਗਾ ਹੀ।"

*********

"ਜਿਸ ਹੋਟਲ 'ਚ ਤੁਸੀਂ ਠਹਿਰੇ, ਉਹ ਕਿਹੋ ਜਿਹਾ ਸੀ?"
"ਬਹੁਤ ਵਧੀਆ। ਕੰਮ ਦੀ ਕੁਸ਼ਲਤਾ ਪੁੱਛੋ ਨਾ। ਮੈਂ ਕਿਹਾ, ਮੈਨੂੰ ਸਵੇਰੇ ਛੇ ਵਜੇ ਜਗਾ ਦੇਣਾ। ਉਨ੍ਹਾਂ ਨੇ ਪੰਜ ਵਜੇ ਉਠਾ ਦਿੱਤਾ ਅਤੇ ਬੋਲੇ, ਸਰ, ਤੁਸੀਂ ਇੱਕ ਘੰਟਾ ਹੋਰ ਸੌਂ ਸਕਦੇ ਹੋ।"


ਹਵਾਈ ਸਫਰ ਨੂੰ ਸੁਹਾਵਨਾ ਤੇ ਸੁਰੱਖਿਅਤ ਬਣਾਓ ਤੇ ਸਾਡੀ
TRAVEL INSURANCE ਦੀ ਮੁਹਾਰਤ ਦਾ ਫਾਇਦਾ ਉਠਾਓ




JF Insurance Agency Group Inc.

Specialized in Hospital and Medical Insurance for Visitors, Canadian Travellers and International Students since 1992

Join and Represent Us

- VISITOR TO CANADA INSURANCE
- TRAVEL OUT INSURANCE
- INTERNATIONAL STUDENT INSURANCE
- OTHER INSURANCE PRODUCTS

905-707-1512
905-707-1513
Molly@jfgroup.ca
Toronto Head Office:
15 wertheim court # 501
Richmond Hill, ON L4B 3H7



# ਜ਼ਰੂਰ ਜਾਣੋ; ਗਿਆਨ ਗੰਗਾ

॥ ਜੀਵ ਹਮਾਰੀ ਜਾਤੀ ਹੈ, ਮਾਨਵ ਧਰਮ ਹਮਾਰਾ। ਹਿੰਦੂ, ਮੁਸਲਿਮ, ਸਿੱਖ, ਇਸਾਈ, ਧਰਮ ਨਹੀਂ ਕੋਈ ਨਿਆਰਾ ॥




- ਬ੍ਰਹਮਾ, ਵਿਸ਼ਨੂੰ, ਮਹੇਸ਼ ਦੇ ਮਾਤਾ-ਪਿਤਾ ਕੌਣ ਹਨ ?
- ਸ਼ੇਰਾਂਵਾਲੀ ਮਾਤਾ (ਦੁਰਗਾ ਅਸ਼ਟਾਂਗੀ) ਦਾ ਪਤੀ ਕੌਣ ਹੈ ?
- ਸਾਨੂੰ ਜਨਮ ਦੇਣ ਤੇ ਮਾਰਣ ਵਿੱਚ ਕਿਸ ਪ੍ਰਭੂ ਦਾ ਸਵਾਰਥ ਹੈ ?
- ਅਸੀਂ ਸਾਰੇ ਦੇਵੀ-ਦੇਵਤਿਆਂ ਦੀ ਇੰਨੀ ਭਗਤੀ ਕਰਦੇ ਹਾਂ, ਫਿਰ ਵੀ ਦੁੱਖੀ ਕਿਉਂ ਹਾਂ ?
- ਬ੍ਰਹਮਾਂ, ਵਿਸ਼ਨੂੰ, ਮਹੇਸ਼ ਕਿਸਦੀ ਭਗਤੀ ਕਰਦੇ ਹਨ ?
- ਪੂਰਨ ਸੰਤ ਦੀ ਪਹਿਚਾਣ ਕੀ ਹੈ ? 'ਤੇ ਮੋਕਸ਼ ਕਿਵੇਂ ਮਿਲੇਗਾ ?
- ਪਰਮਾਤਮਾ ਸਾਕਾਰ ਹੈ ਜਾਂ ਨਿਰਾਕਾਰ ?
- ਕਿਸੀ ਵੀ ਗੁਰੂ ਦੀ ਸ਼ਰਨ ਵਿੱਚ ਜਾਣ ਨਾਲ ਮੁਕਤੀ ਸੰਭਵ ਹੈ ਜਾਂ ਨਹੀਂ ?
- ਤੀਰਥ, ਵਰਤ, ਤਰਪਣ ਅਤੇ ਸ਼ਰਾਧ ਨਿਕਾਲਣ ਨਾਲ ਕੋਈ ਲਾਭ ਹੈ ਜਾਂ ਨਹੀਂ (ਗੀਤਾ ਅਨੁਸਾਰ) ?
- ਸ਼੍ਰੀ ਕ੍ਰਿਸ਼ਨ ਜੀ ਕਾਲ ਨਹੀਂ ਹਨ। ਫਿਰ ਗੀਤਾ ਵਾਲਾ ਕਾਲ ਕੌਣ ਹੈ ?
- ਕੌਣ ਅਤੇ ਕਿਵੇਂ ਹੈ ? ਕਿੱਥੇ ਰਹਿੰਦਾ ਹੈ ? ਕਿਵੇਂ ਮਿਲਦਾ ਹੈ ? ਕਿਸ ਨੇ ਦੇਖਿਆ ਹੈ ਪੂਰਨ ਪਰਮਾਤਮਾ ?
- ਸਮਾਧੀ ਅਭਿਆਸ (Meditation) ਰਾਮ, ਹਰੇ ਕ੍ਰਿਸ਼ਣ, ਹਰੀ ਓਮ, ਹੰਸ, ਤਿੰਨ ਤੇ ਪੰਜ ਨਾਮਾਂ ਅਤੇ ਵਾਹਿਗੁਰੂ ਆਦਿ-2 ਨਾਮਾਂ ਦੇ ਜਾਪ ਤੋਂ ਸੁੱਖ ਅਤੇ ਮੁਕਤੀ ਸੰਭਵ ਹੈ ਜਾਂ ਨਹੀਂ?

ਇਨ੍ਹਾਂ ਸਾਰੇ ਪ੍ਰਸ਼ਨਾਂ ਦੇ ਉੱਤਰ ਜਾਣਨ ਲਈ ਕ੍ਰਿਪਾ ਕਰਕੇ ਪੜ੍ਹੋ ਪੁਸਤਕ ਗਿਆਨ ਗੰਗਾ ਜਾਂ ਡਾਊਨਲੋਡ ਕਰੋ: www.jagatgururampalji.org

IPTV ਦੁਆਰਾ ਸਤਸੰਗ ਦੇਖੋ

ਵਾਣੀ ਟੀਵੀ ਤੇ ਸਵੇਰੇ 11:00 - 12:00 ਵਜੇ ਤੱਕ
ਐਮ ਐਚ ਵਨ ਸ਼ਰਧਾ ਤੇ ਸਵੇਰੇ 3:30 - 4:30 ਵਜੇ ਤੱਕ
ਗਲੋਬਲ ਸਾਂਝ ਟੀ-ਵੀ ਤੇ ਸਵੇਰੇ 7:00 - 8:00 ਵਜੇ ਤੱਕ
ਸਾਧਣਾ ਟੀਵੀ ਤੇ ਸਵੇਰੇ 9:00 - 10:00 ਵਜੇ ਤੱਕ
ਹਰਿਆਣਾ ਨਿਊਜ ਤੇ ਸ਼ਾਮ 7:30 - 8:30 ਵਜੇ ਤੱਕ
ਈਸ਼ਵਰ ਟੀਵੀ ਤੇ ਸਵੇਰੇ 10:00 - 11:00 ਵਜੇ ਤੱਕ
ਗਲੋਬਲ ਸਾਂਝ ਟੀ-ਵੀ ਤੇ ਸ਼ਾਮ 7:00 - 8:00 ਵਜੇ ਤੱਕ

ਗਿਆਨ ਗੰਗਾ ਪੁਸਤਕ ਦੇ ਆਰਡਰ ਜਾਂ ਸਤਸੰਗ ਦੀ ਜਾਣਕਾਰੀ ਲਈ ਸੰਪਰਕ ਕਰੋ:

satlokashramcanada@gmail.com
satsahibusa@gmail.com
647-739-4641
346-714-0224

# ਵਿਅੰਗ

## ਸ਼ੀਸ਼ੇ ਵਿੱਚੋਂ ਝਾਕਦੀ ਆਤਮ ਗਿਲਾਨੀ

-ਕੇ ਐੱਲ ਗਰਗ

ਮਹਾਂ ਲੇਖਕ ਸ਼ਟੱਲੀ ਨਾਥ ਅੱਜਕੱਲ੍ਹ ਘੋਰ ਆਤਮ-ਪੀੜਾ ਥਾਣੀਂ ਗੁਜ਼ਰ ਰਹੇ ਹਨ। ਕੋਈ ਵੀ ਮਾਣ ਮਿਲੇ, ਕਿਸੇ ਵੀ ਸਨਮਾਨ ਨੂੰ ਹੱਥ ਪਵੇ, ਉਨ੍ਹਾਂ ਦਾ ਆਤਮ ਮੰਥਨ ਸ਼ੁਰੂ ਹੋ ਜਾਂਦਾ ਹੈ। ਸਨਮਾਨ ਮਿਲਣ ਵੇਲੇ, ਮਿਲੀ ਰਾਸ਼ੀ ਮਿਲਣ ਵੇਲੇ ਕੁਝ ਨਹੀਂ ਹੁੰਦਾ। ਉਸ ਵੇਲੇ ਵੱਜ ਰਹੀਆਂ ਤਾੜੀਆਂ ਆਤਮ ਵਿਭੋਰ ਕਰ ਦੇਂਦੀਆਂ ਹਨ। ਲੋਕਾਂ ਦੀ ਪ੍ਰਸ਼ੰਸਾ ਸੁਣ-ਸੁਣ ਕੰਨਾਂ ਦੇ ਵਿੱਚ ਮਧੁਰ ਘੰਟੀਆਂ ਗੂੰਜਣ ਲੱਗਦੀਆਂ ਹਨ। ਲੱਗਦਾ ਹੈ ਜਿਵੇਂ ਆਰਤੀ ਦਾ ਸੰਗੀਤ ਲਹਿਰਾ ਰਿਹਾ ਹੋਵੇ। ਉਸ ਵੇਲੇ ਸਿਰ ਵੀ ਥੋੜ੍ਹਾ-ਥੋੜ੍ਹਾ ਉਚਾ ਹੋ ਕੇ ਤਣਨ ਲੱਗਦਾ ਹੈ। ਲੋਕ ਲੱਖ ਕਹਿੰਦੇ ਫਿਰਨ ਕਿ ਉਨ੍ਹਾਂ ਇਹ ਸਨਮਾਨ ਤਿਕੜਮਬਾਜ਼ੀ ਨਾਲ ਹਾਸਲ ਕੀਤਾ ਹੈ, ਆਲੋਚਕ ਭਾਵੇਂ ਕਰੋੜ ਵਾਰੀ ਆਖਣ ਕਿ ਇਹੋ ਜਿਹੇ ਸਨਮਾਨ ਜੋੜ-ਤੋੜ ਰਾਹੀਂ ਹੀ ਪ੍ਰਾਪਤ ਹੁੰਦੇ ਹਨ ਤੇ ਬਾਬੂ ਸ਼ਟੱਲੀ ਨਾਥ ਇਸ ਗੱਲ ਵਿੱਚ ਇਨਾਮ ਐਕਸਪਰਟ ਹਨ। ਇੱਕ ਵਾਰ ਜਿਸ ਇਨਾਮ ਜਾਂ ਸਨਮਾਨ 'ਤੇ ਅੱਖ ਟਿਕ ਜਾਵੇ ਜਾਂ ਦਿਲ ਆ ਜਾਵੇ, ਲੈ ਕੇ ਰਹਿੰਦੇ ਹਨ। ਆਲੋਚਕ/ ਨਿੰਦਕ ਤਾਂ ਇਉਂ ਵੀ ਆਖਦੇ ਹਨ ਕਿ ਲੇਖਕ ਭੋਰਾ ਕੁ ਜ਼ਮੀਰ ਨੂੰ ਮਾਰ ਲਵੇ, ਹਰੇਕ ਮਾਣ-ਸਨਮਾਨ ਕੌਡੀਆਂ ਦੇ ਭਾਅ ਮਿਲ ਜਾਂਦਾ ਹੈ।

ਬਾਬੂ ਸ਼ਟੱਲੀ ਨਾਥ ਸਨਮਾਨ ਲੈ ਲੈਂਦੇ ਹਨ, ਪਰ ਫੇਰ ਉਨ੍ਹਾਂ ਨੂੰ ਉਦੋਂ ਹੀ ਆਤਮ-ਪੀੜ ਸ਼ੁਰੂ ਹੋ ਜਾਂਦੀ ਹੈ। ਸਨਮਾਨ ਪ੍ਰਾਪਤ ਕਰਨ ਪਿੱਛੋਂ ਘਰ ਆਉਂਦਿਆਂ ਪਤਨੀ ਸਾਹਿਬਾ ਪੁੱਛਦੇ ਹਨ: 'ਲੈ ਆਏ? ਬੱਸ ਏਨਾ ਸੀ? ਇਸੇ ਲਈ ਦਿਨ ਰਾਤ ਤਰਲੋ-ਮੱਛੀ ਹੋਏ ਫਿਰਦੇ ਸੀ? ਇਸ ਟਊਏ ਜਿਹੇ ਪਿੱਛੇ ਰਾਤਾਂ ਦੀ ਨੀਂਦ ਤੇ ਦਿਨ ਦਾ ਚੈਨ ਹਰਾਮ ਕੀਤਾ ਹੋਇਆ ਸੀ? ਅਗਲੇ ਢੇਰਾਂ ਟਹੂਆਂ ਤੋਂ ਗਰਦ ਨੀਂ ਪੂੰਝੀ ਜਾਂਦੀ, ਇਸ ਦੇ ਆਉਣ ਨਾਲ ਕਿਹੜਾ ਮੱਛੀ ਦੀ ਅੱਖ 'ਚ ਤੀਰ ਮਾਰ ਲਿਆ।'

ਇਨ੍ਹਾਂ ਸਵਾਲਾਂ ਦਾ ਬਾਬੂ ਸ਼ਟੱਲੀ ਨਾਥ ਕੋਲ ਇੱਕੋ ਜਵਾਬ ਹੁੰਦਾ ਸੀ, ''ਰਹਿਣ ਦੇ, ਰਹਿਣ ਦੇ, ਐਵੇਂ ਆਪਣੀਆਂ ਹੀ ਛੱਡੀ ਜਾਂਦੀ ਐਂ। ਉਥੇ ਹੋਈ ਪ੍ਰਸ਼ੰਸਾ ਸੁਣਦੀ, ਤਾੜੀਆਂ ਦੀ ਗੜਗੜਾਹਟ, ਮਾਈਕ ਦਾ ਸ਼ੋਰ, ਸਰੋਤਿਆਂ 'ਚੋਂ ਆਈਆਂ ਮਿੱਠੀਆਂ ਮਿੱਠੀਆਂ ਆਵਾਜ਼ਾਂ ਸੁਣਦੀ ਤਾਂ ਪਤਾ ਚੱਲਦਾ ਕਿ ਸਨਮਾਨ ਮਿਲਣਾ ਕੀ ਹੁੰਦਾ ਐ।'' ਕਹਿਣ ਨੂੰ ਸ਼ਟੱਲੀ ਨਾਥ ਜੀ ਕਹਿ ਗਏ ਸਨ, ਪਰ ਅੰਦਰਲੀਆਂ ਆਵਾਜ਼ਾਂ ਦਾ ਕੀ ਕਰਦੇ? ਅੰਦਰੋਂ ਧਾਅ-ਧਾਅ ਕੇ ਆਵਾਜ਼ਾਂ ਆ ਰਹੀਆਂ ਸਨ: 'ਬੱਸ ਨਾਥ ਜੀ, ਇਸੇ ਸਨਮਾਨ ਲਈ ਜ਼ਮੀਰ ਵੇਚੀ ਸੀ? ਨਾ ਮਿਲਦਾ ਤਾਂ ਕਿਹੜੀ ਹਨੇਰੀ ਆਉਣੀ ਸੀ? ਜ਼ਮੀਰ ਵੇਚੀ ਹੋਵੇ ਜਾਂ ਮਰੀ ਹੋਵੇ, ਇੱਕੋ ਗੱਲ ਹੁੰਦੀ ਹੈ। ਜਿਸ ਦੀ ਜ਼ਮੀਰ ਈ ਮਰ ਜਾਵੇ, ਉਹ ਤਾਂ ਬੰਦਾ ਬੰਦਾ ਹੀ ਨਹੀਂ ਰਹਿੰਦਾ, ਕੁਝ ਹੋਰ ਈ ਬਣ ਜਾਂਦੈ। ਲੋਕ ਸਭ ਸਮਝਦੇ ਹਨ, ਮੂੰਹ 'ਤੇ ਤਾਰੀਫਾਂ ਕਰਦੇ ਨੇ ਤੇ ਪਿੱਠੇ ਪਿੱਛੇ ਸੱਚ ਬੋਲਦੇ ਨੇ।'

...ਤੇ ਫੇਰ ਇੱਕ ਇੱਕ ਜੋੜ-ਤੋੜ ਉਨ੍ਹਾਂ ਦੀਆਂ ਅੱਖਾਂ ਅੱਗੋਂ ਰੀਲ ਵਾਂਗ ਲੰਘਣ ਲੱਗਦਾ ਹੈ। ਇੱਕ ਇੱਕ ਤਰਕੀਬ ਉਨ੍ਹਾਂ ਨੂੰ ਚੁੱਭਣ ਲੱਗਦੀ ਹੈ। ਰਾਤ ਨੂੰ ਭੈੜੇ ਸੁਫਨੇ ਆਉਣ ਲੱਗਦੇ ਹਨ। ਜਿਵੇਂ ਮੂੰਹ 'ਤੇ ਪਿਆ ਥੁੱਕ ਪੂੰਝਣ ਲੱਗਦੇ ਹੋਣ। ਭੈੜਾ ਹਾਸਾ ਉਨ੍ਹਾਂ ਦੀ ਛਾਤੀ 'ਚ ਵੱਜਣ ਲੱਗਦਾ ਹੈ। ਠੰਢੀ ਰਾਤ 'ਚ ਵੀ ਬਦਨ ਮੁੜ੍ਹਕੇ ਨਾਲ ਤਰ-ਬਤਰ ਹੋਣ ਲੱਗਦਾ ਹੈ। ਸ਼ੀਸ਼ਾ ਦੇਖਣ ਲੱਗਿਆਂ ਉਨ੍ਹਾਂ ਦੀ ਰੂਹ ਤੜਫਣ ਲੱਗਦੀ ਹੈ। ਸ਼ੀਸ਼ੇ 'ਚ ਖਲੋਤਾ ਬੰਦਾ ਉਨ੍ਹਾਂ ਨੂੰ ਓਪਰਾ ਓਪਰਾ ਲੱਗਣ ਲੱਗਦਾ ਹੈ। ਸ਼ੀਸ਼ੇ ਵਾਲਾ ਸ਼ਟੱਲੀ ਅੱਖਾਂ ਤਰੇਰ ਕੇ ਪੁੱਛਦਾ ਹੈ: 'ਹੈਲੋ ਸ਼ਟੱਲੀ ਨਾਥ! ਤੂੰ ਸੱਚਮੁੱਚ ਸ਼ਟੱਲੀ ਨਾਥ ਨਿਕਲਿਆ। ਯਾਰ, ਕਿਸ ਸਫਾਈ ਨਾਲ ਸਨਮਾਨ ਹਥਿਆਇਆ ਹੈ, ਕਿਆ ਹੱਥ ਦੀ ਸਫਾਈ ਦਿਖਾਈ, ਕਿਆ ਕਰਾਮਾਤ ਕਰ ਦਿਖਾਈ ਹੈ।'

ਬਾਬੂ ਸ਼ਟੱਲੀ ਨਾਥ ਆਪਣੇ ਹੀ ਅਕਸ ਨੂੰ ਘੂਰਦੇ ਹੋਏ ਆਖਦੇ ਹਨ : 'ਮੈਂ, ਮੈਂ ਕੀ ਕੀਤਾ? ਇਹ ਸਨਮਾਨ ਮੈਂ ਨਾ ਲੈਂਦਾ ਤਾਂ ਕਿਸੇ ਹੋਰ ਨੇ ਹਥਿਆ ਲੈਣਾ ਸੀ। ਇਸ ਨਾਲੋਂ ਚੰਗਾ ਇਹੋ ਸੀ ਕਿ ਮੈਂ ਹਥਿਆ ਲੈਂਦਾ। ਲੇਖਕ ਲੋਕ ਹਾਬੜੇ ਫਿਰਦੇ ਨੇ ਇਨ੍ਹਾਂ ਲਈ। ਸਨਮਾਨਾਂ ਦੀ ਮੰਡੀ 'ਚ ਜਾ ਕੇ ਦੇਖੋ। ਲੇਖਕ ਤਾਂ ਪਤਾ ਨਹੀਂ ਕਿਹੜੇ ਕਿਹੜੇ ਢਕਵੰਜ ਕਰਦੇ ਐ ਸਨਮਾਨ ਲੈਣ ਲਈ। ਮੈਂ ਤਾਂ ਕੀਤਾ ਈ ਕੁਸ਼ ਨੀ। ਐਵੇਂ ਦੋ ਚਾਰ ਵਾਰੀ ਹੱਥ ਪੈਰ ਈ ਮਾਰੇ ਸੀ। ਬੱਸ ਮੇਰਾ ਵੀ ਦਾਅ ਲੱਗ ਗਿਆ। ਸਨਮਾਨ 'ਚ ਵੀ ਕਈ ਵਾਰੀ ਦਾਅ ਲੱਗ ਜਾਂਦਾ ਹੁੰਦਾ। ਚਲੋ ਮੇਰਾ ਵੀ ਲੱਗ ਗਿਆ।' ਸ਼ੀਸ਼ੇ 'ਚ ਖਲੋਤਾ ਸ਼ਟੱਲੀ ਨਾਥ ਹੱਸਦਾ ਹੋਇਆ ਉਸ ਨੂੰ ਬੜਾ ਭੈੜਾ ਲੱਗਦਾ ਹੈ। ਸ਼ੀਸ਼ਾ ਹੱਸ ਰਿਹਾ ਤੇ ਉਹ ਘੂਰ ਰਿਹਾ ਹੁੰਦਾ ਹੈ। ਉਸ ਨੂੰ ਸਮਝ ਨਹੀਂ ਲੱਗਦੀ ਕਿ ਸ਼ੀਸ਼ੇ ਵਾਲਾ ਤੇ ਉਹ ਦੋਵੇਂ ਵੱਖ-ਵੱਖ ਕਿਵੇਂ ਹੋ ਸਕਦੇ ਨੇ। ਕਦੇ ਕਦੇ ਉਸ ਨੂੰ ਲੱਗਦਾ ਹੈ ਕਿ ਸ਼ੀਸ਼ੇ ਵਾਲਾ ਭਾਈ ਨਕਲੀ ਹੈ ਤੇ ਉਹ ਅਸਲੀ, ਪਰ ਝੱਟ ਉਸ ਨੂੰ ਸ਼ੀਸ਼ੇ ਵਾਲਾ ਸ਼ਟੱਲੀ ਨਾਥ ਦੇਖ ਕੇ ਆਤਮ-ਗਿਲਾਨੀ ਹੋਣ ਲੱਗਦੀ ਹੈ। ਉਸ ਦਾ ਦਿਲ ਘਿਰਨ ਲੱਗਦਾ ਹੈ। ਖੁਦ ਨਾਲ ਨਫਰਤ ਹੋਣ ਲੱਗਦੀ ਹੈ। ਸਨਮਾਨ ਲੈਣ ਲਈ ਮੈਂ ਇਹ ਸਾਰਾ ਕੁਝ ਕੀਤਾ ਹੀ ਕਿਉਂ? ਵਾਰ ਵਾਰ ਉਸ ਅੰਦਰੋਂ ਲਾਹਨਤਾਂ ਪੈਣ ਲੱਗਦੀਆਂ ਹਨ। ਜੇ ਇਸ ਜੋੜ ਤੋੜ ਦੀ ਭੋਰਾ ਭਿਣਕ ਲੋਕਾਂ ਨੂੰ, ਉਸ ਦੇ ਪਾਠਕਾਂ ਨੂੰ ਪੈ ਗਈ ਤਾਂ ਉਹ ਸਮਝੋ ਮਿੱਟੀ ਹੋ ਜਾਏਗਾ। ਚਾਲੀ ਸਾਲ ਦੀ ਬਣੀ ਬਣਾਈ ਖੂਹ-ਖਾਤੇ ਪੈ ਜਾਏਗੀ। ਉਸ ਦੀ ਲਿਖਤ ਦੀ ਸਾਰੀ ਉਮਰ ਦੀ ਕੀਤੀ ਕਮਾਈ ਖੇਹ 'ਚ ਮਿਲ ਜਾਵੇਗੀ। ਸ਼ੀਸ਼ੇ 'ਚੋਂ ਆਤਮ-ਗਿਲਾਨੀ ਝਾਕਣ ਲੱਗੀ ਹੈ। ਉਸ ਨੂੰ ਝੰਜੋੜਨ ਲੱਗੀ ਹੈ। ਉਸ ਨੂੰ ਆਤਮ-ਪ੍ਰਪੰਚੀ ਆਖਣ ਲੱਗੀ ਹੈ, ਪਰ ਤਦੇ ਉਸ ਨੂੰ ਇੱਕ ਆਵਾਜ਼ ਸੁਣਾਈ ਦੇਣ ਲੱਗਦੀ ਹੈ। ਕਿੱਥੋਂ ਆ ਰਹੀ ਸੀ ਇਹ ਆਵਾਜ਼? ਉਸ ਆਲੇ ਦੁਆਲੇ ਝਾਤੀ ਮਾਰੀ। ਕੋਈ ਨਹੀਂ ਸੀ। ਉਸ ਨੂੰ ਲੱਗਾ, ਜਿਵੇਂ ਸ਼ੀਸ਼ੇ ਵਿਚਲਾ ਸ਼ਟੱਲੀ ਕੁਝ ਕਹਿ ਰਿਹਾ ਹੋਵੇ। ਉਸ ਅੱਖਾਂ ਚੌੜੀਆਂ ਕਰ ਕੇ ਸ਼ੀਸ਼ੇ ਵੱਲ ਦੇਖਿਆ। ਸ਼ੀਸ਼ਾ ਵੀ ਚੁੱਪ ਸੀ। ਫੇਰ ਉਸ ਨੂੰ ਲੱਗਾ ਜਿਵੇਂ ਇਹ ਆਵਾਜ਼ ਉਸ ਦੇ ਆਪਣੇ ਅੰਦਰੋਂ ਹੀ ਆ ਰਹੀ ਹੋਵੇ।

''ਤੈਨੂੰ ਇਹੋ ਜਿਹੇ ਸਨਮਾਨ ਲੈਣ ਪਿੱਛੋਂ ਗਿਲਾਨੀ ਮਹਿਸੂਸ ਹੁੰਦੀ ਹੈ?''

''ਹਾਂ, ਹਾਂ, ਹੁੰਦੀ ਹੈ।''

''ਖੁਦ ਤੋਂ ਨਫਰਤ ਹੋਣ ਲੱਗਦੀ ਹੈ?''

''ਹਾਂ, ਹੋਣ ਲੱਗਦੀ ਹੈ ਨਫਰਤ।''

''ਆਪਣੇ ਕੀਤੇ ਕਰਮਾਂ 'ਤੇ ਪਛਤਾਵਾ ਹੋਣ ਲੱਗਦਾ ਹੈ?''

''ਹਾਂ, ਪਛਤਾਵਾ ਹੁੰਦਾ ਹੈ ਬਹੁਤ।''

''ਸਨਮਾਨ ਤੁੱਛ ਲੱਗਣ ਲੱਗਦਾ ਹੈ?''

''ਹਾਂ, ਤੁੱਛ ਕੀ, ਬਹੁਤ ਤੁੱਛ ਲੱਗਦਾ ਹੈ।''

''ਆਪਣੇ ਕਾਰਿਆਂ 'ਤੇ ਕਚਿਆਣ ਆਉਂਦੀ ਹੈ?''

''ਹਾਂ, ਹਾਂ, ਆਉਂਦੀ ਹੈ।''

ਇਨ੍ਹਾਂ ਸਵਾਲਾਂ ਜਵਾਬਾਂ ਤੋਂ ਬਾਅਦ ਉਸ ਅੰਦਰੋਂ ਖਿੜਖਿੜਾ ਕੇ ਹੱਸਣ ਦੀ ਉਚੀ ਆਵਾਜ਼ ਸੁਣਾਈ ਦਿੰਦੀ ਹੈ, ਜਿਵੇਂ ਬਸੰਤ ਆ ਗਈ ਹੋਵੇ, ਆਲੇ ਦੁਆਲੇ ਫੁੱਲ ਖਿੜ ਗਏ ਹੋਣ: ''ਫੇਰ ਹਾਲੇ ਤੇਰਾ ਕੁਝ ਨੀ ਵਿਗੜਿਆ। ਤੇਰੀ ਆਤਮਾ ਅਜੇ ਪੂਰੀ ਤਰ੍ਹਾਂ ਮੁਰਦਾ ਨਹੀਂ ਹੋਈ। ਹਾਲੇ ਵੀ ਆਸ ਬਚੀ ਹੋਈ ਹੈ। ਚੰਗਾ ਲਿਖ, ਮਿਹਨਤ ਕਰ, ਇਹੋ ਜਿਹੇ ਮਾਣ-ਸਨਮਾਨ ਤੇਰੇ ਪੈਰਾਂ 'ਚ ਲੋਟਣੀਆਂ ਖਾਂਦੇ ਫਿਰਨਗੇ। ਜੈ ਕਲਮ, ਜੈ ਸਾਹਿਤ...।''

ਇਸ ਤੋਂ ਬਾਅਦ ਸ਼ਟੱਲੀ ਨਾਥ ਨੂੰ ਸ਼ੀਸ਼ੇ ਵਾਲਾ ਸ਼ਟੱਲੀ ਨਾਥ ਆਪਣਾ ਆਪਣਾ, ਪਿਆਰਾ ਪਿਆਰਾ ਲੱਗਣ ਲੱਗਾ। ਉਸ ਹੱਥ 'ਚ ਫੜੇ ਇਨਾਮ ਨੂੰ ਵਗਾਹ ਕੇ ਕੰਧ ਨਾਲ ਮਾਰਿਆ। ਸਨਮਾਨ ਮੁਰਦਾ ਪਿਆ ਤੇ ਸ਼ਟੱਲੀ ਨਾਥ ਜਿਉਂ ਪਿਆ ਸੀ। ਬਾਜ਼ਮੀਰ ਬੰਦੇ ਹਮੇਸ਼ਾ ਜਿੰਦਾ ਰਹਿੰਦੇ ਹਨ। ਜ਼ਮੀਰ ਜਾਗਦੀ ਰੱਖਣੀ ਹੀ ਇਨਸਾਨ ਦਾ ਅਸਲ ਮਾਣ ਸਨਮਾਨ ਹੁੰਦਾ ਹੈ।

# ਸਿੱਖਾਂ ਦੀ ਅਣਗੌਲੀ ਵਿਰਾਸਤ: ਭਾਈ ਸੰਤੋਖ ਸਿੰਘ ਦੀ ਹਵੇਲੀ

-ਸੰਦੀਪ ਸਿੰਘ



ਸਿੱਖ ਕੌਮ ਬਾਰੇ ਇਹ ਕਥਨ ਆਮ ਹੀ ਪੜ੍ਹਨ ਸੁਣਨ ਨੂੰ ਮਿਲਦਾ ਹੈ ਕਿ ਸਿੱਖਾਂ ਨੇ ਇਤਿਹਾਸ ਸਿਰਜਿਆ ਹੈ, ਪਰ ਲਿਖਿਆ ਜਾਂ ਸੰਭਾਲਿਆ ਨਹੀਂ। ਇਸ ਕਥਨ ਦੇ ਨਾਲ ਸਾਡੀ ਕੌਮ ਦਾ ਇਕ ਹੋਰ ਨਕਾਰਾਤਮਕ ਪੱਖ ਇਹ ਵੀ ਹੈ ਕਿ ਅਸੀਂ ਇਤਿਹਾਸ ਲਿਖਣ ਵਾਲੇ ਵਿਦਵਾਨਾਂ (ਜੋ ਗਿਣਵੇਂ ਚੁਣਵੇਂ ਹੀ ਹਨ) ਤੇ ਉਨ੍ਹਾਂ ਦੀ ਵਿਰਾਸਤੀ ਨਿਸ਼ਾਨੀਆਂ ਨੂੰ ਅਣਗੌਲਿਆਂ ਰੱਖਿਆ ਹੈ। ਇਸ ਦਾ ਪ੍ਰਤੱਖ ਪ੍ਰਮਾਣ ਇਨ੍ਹਾਂ ਸਤਰਾਂ ਦੇ ਲਿਖਾਰੀ ਨੂੰ ਉਸ ਸਮੇਂ ਪ੍ਰਾਪਤ ਹੋਇਆ ਜਦੋਂ ਆਪਣੀ ਪੀ ਐਚ ਡੀ ਦੇ ਖੋਜ ਕਾਰਜ ਬਾਰੇ ਹਰਿਆਣਾ ਦੇ ਕੈਥਲ ਸ਼ਹਿਰ ਵਿੱਚ ਮਹਾਂਕਵੀ ਭਾਈ ਸੰਤੋਖ ਸਿੰਘ ਦੀ ਰਿਹਾਇਸ਼ੀ ਹਵੇਲੀ ਵੇਖਣ ਦਾ ਮੌਕਾ ਮਿਲਿਆ, ਜਿਥੇ ਰਹਿ ਕੇ ਭਾਈ ਸਾਹਿਬ ਨੇ 'ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ' ਦੀ ਰਚਨਾ ਕੀਤੀ ਸੀ।

ਹਵੇਲੀ ਦੀ ਲਗਭਗ ਖੰਡਰ ਹੋ ਚੁੱਕੀ ਹਾਲਤ ਵੇਖ ਕੇ ਇਹ ਵਿਸ਼ਵਾਸ ਨਹੀਂ ਹੋ ਰਿਹਾ ਸੀ ਕਿ ਗੁਰੂ ਬਖਸ਼ਿਸ਼ ਨਾਲ ਅਥਾਹ ਧਨ ਸੰਪਦਾ ਦੀ ਮਾਲਕ ਸਿੱਖ ਕੌਮ ਸਿਰਫ ਕੁਝ ਪੈਸਿਆਂ ਲਈ ਆਪਣੇ ਗੁਰੂ ਸਾਹਿਬਾਨ ਦਾ ਇਤਿਹਾਸ ਲਿਖਣ ਵਾਲਿਆਂ ਦੀ ਵਿਰਾਸਤ ਨੂੰ ਇਸ ਤਰ੍ਹਾਂ ਅਣਗੌਲਿਆਂ ਕਰ ਸਕਦੀ ਹੈ। ਗੁਰਦੁਆਰਾ ਮੰਜੀ ਸਾਹਿਬ ਦੇ ਨਜ਼ਦੀਕ ਸੇਠਾਂ ਵਾਲੇ ਮੁਹੱਲੇ ਵਿੱਚ ਇਸ ਹਵੇਲੀ ਦਾ ਪਿਛਲਾ ਪਾਸਾ ਕਿਸੇ ਲਾਵਾਰਿਸ ਥਾਂ ਵਾਂਗ ਜਾਪਦਾ ਸੀ, ਜਿਥੇ ਆਵਾਰਾ ਪਸ਼ੂਆਂ ਦਾ ਗੋਹਾ ਤੇ ਇਧਰ ਉਧਰ ਖਿਲਰਿਆ ਕੂੜਾ ਇਸ ਹਵੇਲੀ ਦੀ ਦੁਰਦਸ਼ਾ ਬਿਆਨ ਕਰਦਾ ਸੀ। ਹਵੇਲੀ ਦੀਆਂ ਟੁੱਟੀਆਂ ਉਖੜੀਆਂ ਇੱਟਾਂ ਤੇ ਇਸ ਦੇ ਅੰਦਰ ਜੰਮੀ ਮੂੰਹਾਂ ਮਣੀ ਧੂੜ ਮਿੱਟੀ ਵੇਖ ਕੇ ਭਾਈ ਵੀਰ ਸਿੰਘ ਦੁਆਰਾ ਇਸ ਹਵੇਲੀ ਦੀ ਸ਼ਾਨੋ ਸ਼ੌਕਤ ਬਾਰੇ ਪੇਸ਼ ਕੀਤੇ ਤੱਥ ਅਸੰਭਵ ਜਿਹੇ ਜਾਪ ਰਹੇ ਸਨ।

ਇਹ ਹਵੇਲੀ ਕੈਥਲ ਰਿਆਸਤ ਦੇ ਸਿੱਖ ਰਾਜੇ ਭਾਈ ਉਦੈ ਸਿੰਘ ਦੁਆਰਾ ਚਾਰ ਵਿਦਵਾਨ ਲਿਖਾਰੀਆਂ ਨੂੰ ਪ੍ਰਦਾਨ ਕੀਤੀਆਂ ਹਵੇਲੀਆਂ ਵਿੱਚੋਂ ਇਕ ਹੈ। ਭਾਈ ਵੀਰ ਸਿੰਘ ਅਨੁਸਾਰ 1930-35 ਦੇ ਆਸ ਪਾਸ ਭਾਈ ਸੰਤੋਖ ਸਿੰਘ ਦੇ ਚਾਰ ਪੁੱਤਰਾਂ ਨੇ ਇਹ ਹਵੇਲੀ ਹਜ਼ਾਰ ਕੁ ਰੁਪਏ ਵਿੱਚ ਕਿਸੇ ਮਹਾਜਨ ਸ਼ਾਹੂਕਾਰ ਨੂੰ ਵੇਚ ਦਿੱਤੀ ਸੀ। ਇਸ ਸਮੇਂ ਵਿੱਚ ਇਸ ਦੀ ਰਜਿਸਟਰੀ ਪੰਜ ਹਿੱਸੇਦਾਰਾਂ ਦੇ ਨਾਮ ਹੈ, ਜਿਨ੍ਹਾਂ ਵਿੱਚੋਂ ਕੇਵਲ ਇਕ ਪਰਵਾਰ ਆਪਣੇ ਹਿੱਸੇ ਵਿੱਚ ਰਹਿ ਰਿਹਾ ਹੈ।

ਇਸ ਗੱਲ ਦੀ ਸੰਭਾਵਨਾ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ ਕਿ ਇਹ ਪਰਵਾਰ ਆਪਣੀਆਂ ਪਰਵਾਰਕ ਲੋੜਾਂ ਦੀ ਪੂਰਤੀ ਲਈ ਕਿਸੇ ਸਮੇਂ ਵੀ ਆਪਣੇ ਵਾਲੇ ਹਿੱਸੇ ਨੂੰ ਢਾਹ ਕੇ ਇਸ ਦੀ ਆਪਣੀ ਸੁਵਿਧਾ ਅਨੁਸਾਰ ਪੁਨਰ ਉਸਾਰੀ ਕਰ ਸਕਦਾ ਹੈ। ਇਸ ਪਰਵਾਰ ਨਾਲ ਗੱਲ ਕਰਨ 'ਤੇ ਇਕ ਹੋਰ ਤ੍ਰਾਸਦੀ ਵਾਲਾ ਪੱਖ ਉਭਰ ਕੇ ਸਾਹਮਣੇ ਆਇਆ, ਜਦੋਂ ਉਨ੍ਹਾਂ ਨੇ ਰੁੱਖੇ ਲਹਿਜੇ ਨਾਲ ਸਾਡੀਆਂ ਸੰਸਥਾਵਾਂ ਤੇ ਯੂਨੀਵਰਸਿਟੀਆਂ ਦੇ ਨੁਮਾਇੰਦਿਆਂ ਅਤੇ ਵਿਦਵਾਨਾਂ ਦੇ ਇਸ ਹਵੇਲੀ ਵਾਲੀ ਥਾਂ ਪਹੁੰਚ ਕੇ ਇਸ ਨੂੰ ਖਰੀਦਣ ਸਬੰਧੀ ਕੋਈ ਠੋਸ ਕਾਰਵਾਈ ਨਾ ਕਰਨ ਦੀ ਥਾਂ ਸਿਰਫ ਖਾਨਾਪੂਰਤੀ ਕਰਨ ਵਾਲੀ ਗੱਲ ਸਾਹਮਣੇ ਰੱਖੀ। ਇਸ ਹਵੇਲੀ ਦੇ ਮਾਲਕ ਬਣਦੀ ਕੀਮਤ ਅਤੇ ਆਪਣੇ ਰਿਹਾਇਸ਼ੀ ਪ੍ਰਬੰਧ ਬਦਲੇ ਇਸ ਹਵੇਲੀ ਨੂੰ ਵੇਚਣ ਲਈ ਤਿਆਰ ਹਨ। ਸਿੱਖ ਪੰਥ ਦੀਆਂ ਸੰਸਥਾਵਾਂ, ਸਰਦੇ ਪੁੱਜਦੇ ਸਿੱਖ ਘਰਾਣਿਆਂ, ਭਾਈ ਸੰਤੋਖ ਸਿੰਘ ਦੀ ਯਾਦ ਵਿੱਚ ਬਣੀਆਂ ਸੁਸਾਇਟੀਆਂ, ਕਮੇਟੀਆਂ ਅਤੇ ਮਹਾਂਕਵੀ ਦੇ ਕਦਰਦਾਨਾਂ ਨੂੰ ਅਪੀਲ ਹੈ ਕਿ ਗੁਰੂ ਸਾਹਿਬ ਦੇ ਬਖਸ਼ੇ ਖਜ਼ਾਨਿਆਂ ਨਾਲ ਇਸ ਯਾਦਗਾਰੀ ਸਿੱਖ ਵਿਰਾਸਤ ਨੂੰ ਖਰੀਦ ਕੇ ਸੰਭਾਲਣ ਦਾ ਉਦਮ ਕੀਤਾ ਜਾਵੇ ਕਿਉਂਕਿ ਸਮਾਂ ਨਿਕਲ ਜਾਣ ਤੋਂ ਬਾਅਦ ਸਾਡੇ ਹੱਥ ਸਿਰਫ ਪਛਤਾਵਾ ਹੀ ਰਹਿ ਜਾਵੇਗਾ।

# ਪਾਕਿਸਤਾਨੀ ਕਹਾਣੀ- ਲਫ਼ਜ਼ਾਂ ਦੀ ਤਾਕਤ

-ਮਕਸੂਦ ਸਾਕਿਬ -ਲਿਪੀਅੰਤਰ- ਹਰਬੰਸ ਸਿੰਘ ਧੀਮਾਨ

ਅੰਮਾਂ ਮੇਰੀ ਅੰਮੀ ਦੀ ਮਾਂ ਜਾਣੇ ਮੇਰੀ ਨਾਨੀ ਨੇ ਜਬਰੂ ਨਜ਼ਾਮ ਵੇਖੇ ਹੋਏ ਸਨ। ਮੈਂ ਨਾਨੀ ਦੀਆਂ ਅੱਖਾਂ ਵੇਖਦਾ ਰਹਿੰਦਾ। ਓਥੇ ਗੋਲ ਮੋਟੇ ਸ਼ੀਸ਼ਿਆਂ ਦੀ ਐਨਕ ਲੱਗੀ ਹੁੰਦੀ। ਉਹਦੇ ਵਿੱਚੋਂ ਅੰਮਾਂ ਦੀਆਂ ਅੱਖਾਂ ਕਿਤੇ ਬਹੁਤ ਦੂਰ ਵਿਖਾਈ ਦਿੰਦਿਆਂ। ਮੈਂ ਹੋਰ ਨੀਝਦਾ ਤਾਂ ਉਹ ਦੋਵੇਂ ਇਕ ਹੋ ਕੇ ਡੂੰਘਾ ਖੂਹ ਬਣ ਜਾਂਦੀਆਂ। ਮੈਂ ਅੰਮਾਂ ਨੂੰ ਐਨਕ ਲਾਹੁਣ ਦਾ ਆਖਦਾ। ਉਹ ਨਾ ਮੰਨਦੀ। ਮੈਂ ਅੜੀ ਕਰਦਾ, ਉਹ ਥੋੜ੍ਹਾ ਗੁੱਸੇ ਹੁੰਦੀ, 'ਕਾਲੀ ਮੈਨੂੰ ਦਿੱਸਣਾ ਨਹੀਂ।'

'ਨਹੀਂ ਅੰਮਾਂ ਦਿੱਸੇਗਾ।' ਮੈਂ ਭੰਡੀ ਪਾਣੀ। ਅੰਮਾਂ ਨੇ ਪਲ ਲਈ ਐਨਕ ਲਾਹੁਣੀ ਤੇ ਮੈਂ ਉਹਦੀਆਂ ਅੱਖਾਂ ਵਿੱਚ ਗਹੁ ਨਾਲ ਵੇਖਣ ਦਾ ਯਤਨ ਕਰਨਾ..

'ਕਾਲੀ ਮੇਰੀਆਂ ਅੱਖਾਂ ਅੱਗੇ ਹਨ੍ਹੇਰਾ ਹੋ ਗਿਆ ਏ ਮੈਨੂੰ ਕੁਝ ਨਹੀਂ ਪਿਆ ਦਿਸਦਾ।' ਉਹਨੇ ਐਨਕ ਲਾ ਲੈਣੀ। ਤੇ ਬਾਰੀਕ ਧਾਰੀਆਂ ਵਾਲੀ ਚਾਦਰ ਸਿਰ 'ਤੇ ਸਵਾਹਰੀ ਕਰਕੇ ਬੁੱਕਲ ਮਾਰ ਲੈਣੀ।

ਅੰਮਾਂ ਪਤਲੀ ਜਿਹੀ ਸੀ। ਰੰਗ ਪੱਕਾ ਸੀ, ਪਰ ਵਿਚੋਂ ਲਾਲੀ ਦੀ ਭਾਹ ਵੱਜਦੀ ਸੀ। ਕਾਲਾ ਨਹੀਂ ਤਾਂ ਲਾਖਾ ਜ਼ਰੂਰ ਆਖ ਸਕਦੇ ਸਾਂ। ਨੈਣ ਨਕਸ਼ ਉਮਰ ਵਡੇਰੀ ਹੋ ਕੇ ਵੀ ਨਾ ਫਿੱਕੇ ਪਏ ਸਨ ਤੇ ਨਾ ਮਿਟੇ ਲੱਗਦੇ ਸਨ। ਤਿੱਖੇ ਤੇ ਜਗਦੇ ਮਘਦੇ ਸਨ। ਦੋਵਾਂ ਕੰਨਾਂ ਵਿੱਚ ਚੀਲਕਾਂ ਹੁੰਦੀਆਂ ਸਾ ਸੂ। ਵੱਟਿਆਂ ਵਿੱਚ ਵਾਲੇ। ਕੁੜਤਾ ਪਾਂਦੀ ਸੀ ਬਰੀਕ ਮਗਜ਼ੀ ਵਾਲਾ। ਗਲਮੇ ਦੀ ਫੱਟੀ ਸਿੱਧੀ। ਰੰਗ ਬਹੁਤ ਗੇਰੂਆ, ਗਾੜ੍ਹਾ ਬਿਸਕੁਟੀ ਆਖ ਲਵੋ..

ਲੱਕ ਚਾਦਰ ਹੋਣੀ ਨੀਲੀ ਪਾਪਲੀਨ ਦੀ ਢੀਂਗਵਾਲ ਤੇ ਪੈਰੀਂ ਕੰਨਿਆਂ ਵਾਲੀ ਜੁੱਤੀ। ਬੜੀ ਬਾਂਕੀ ਜਿਹੀ। ਪੱਬਾਂ ਤੇ ਅੱਡੀਆਂ 'ਤੇ ਬੂਟੀ ਕਢੀਜੀ ਹੋਈ। ਹੁੱਕਾ ਬੜਾ ਛਿਕਦੀ ਸੀ। ਕੋਈ ਹਿੰਦੁਸਤਾਨਣਾਂ ਸਨ ਹਾਫਜ਼ਿਆਣੀਆਂ ਉਨ੍ਹਾਂ ਵੱਲ ਜਾਂਦੀ ਤੇ ਉਨ੍ਹਾਂ ਪਾਨ ਜ਼ਰੂਰ ਲਾ ਕੇ ਦੇਣਾ ਤਮਾਕੂ ਵਾਲਾ..ਬੜੇ ਸ਼ੌਕ ਨਾਲ ਖਾਂਦੀ ਸੀ। ਕਈ ਵਾਰੀ ਮੈਨੂੰ ਉਧਰ ਘੱਲ ਦੇਣਾ।

ਅੰਮਾਂ ਅੰਮੀ ਮੇਰੀ ਕੋਲ ਚਲ੍ਹਾਨੀ ਵਿੱਚ ਹੁੱਕਾ ਗੁੜਕਾਂਦੀ ਪਈ ਹੁੰਦੀ, ਮੈਂ ਬਾਹਰੋਂ ਆਉਣਾ ਤੇ ਨਾਲ ਘਸਰ ਕੇ ਬਹਿ ਜਾਣਾ, ਅੰਮਾਂ ਨੇ ਮੇਰੀ ਮਾਂ ਨਾਲ ਗੱਲਾਂ ਕਰਦਿਆਂ ਜ਼ਰੀ ਜਿੰਨ ਵੀ ਅਟਕਣਾ ਤੇ ਮੈਂ ਆਪਣੀ ਖੋਤਰਾ ਖੋਤਰੀ ਛੋਹ ਦੇਣੀ। ਇਕ ਦਿਨ ਮੈਂ ਪੁੱਛਿਆ, 'ਅੰਮਾਂ ਤੁਸਾਂ ਜਬਰੂ ਨਜ਼ਾਮ ਇਨ੍ਹਾਂ ਅੱਖਾਂ ਨਾਲ ਈ ਵੇਖੇ ਸਨ?'

'ਹਾਂ ਕਾਲੀ, ਸਗਵਿਆਂ ਇਨ੍ਹਾਂ ਅੱਖਾਂ ਨਾਲ, ਕੋਈ ਇਕ ਵਾਰ? ਹੁਣ ਤੇ ਚੇਤੇ ਈ ਨਹੀਂ ਕਿੰਨੀ ਕੁ ਵਾਰ ਡਿਠੇ, ਮੀਆਂ ਜੀ ਕੋਲ ਆਏ ਈ ਰਹਿੰਦੇ ਸਨ। ਜਦੋਂ ਮੱਸਿਆ ਦੀਆਂ ਰਾਤਾਂ ਚੱਲਣੀਆਂ, ਉਨ੍ਹਾਂ ਫੇਰਾ ਰੱਖਣਾ, ਅਕਸਰ ਇਕੱਲੇ-ਇਕੱਲੇ, 'ਕੱਠੇ ਕਦੀ ਨਹੀਂ ਸਨ ਆਉਂਦੇ।'

'ਅੰਮਾਂ ਤੁਹਾਡੇ ਮੀਆਂ ਜੀ ਤੇ ਥਾਣੇਦਾਰ ਸਨ।'

'ਆਹੋ ਥਾਣੇ ਸਨ ਵੱਡੇ ਥਾਣੇਦਾਰ, ਫਾਰਸੀ ਪੜ੍ਹੇ ਹੋਏ ਸਨ ਨਾ..।'

'ਪਰ ਅੰਮਾਂ ਜਬਰੂ ਤੇ ਨਜ਼ਾਮ ਤੇ ਤੁਸੀਂ ਦੱਸਦੇ ਓ ਡਾਕੂ ਸਨ ਬੜੇ ਵੱਡੇ। ਉਨ੍ਹਾਂ ਦੇ ਸਿਰਾਂ ਦੇ ਇਨਾਮ ਲੱਗੇ ਹੋਏ ਸਨ। ਮੀਆਂ ਜੀ ਉਨ੍ਹਾਂ ਨੂੰ ਫੜਦੇ ਕਿਉਂ ਨਹੀਂ ਸਨ?'

'ਕਾਲੀ ਪੁੱਤਰ, ਡਾਕੂ ਤੇ ਉਨ੍ਹਾਂ ਨੂੰ ਅੰਗਰੇਜ਼ ਆਖਦੇ ਸਨ। ਉਨ੍ਹਾਂ ਨੂੰ ਤੇ ਹੋਰ ਵਰਯਾਮਾਂ ਨੂੰ ਡਾਕੂ ਦੱਸ ਕੇ ਉਹ ਆਪਣਾ ਤੇ ਆਪਣੇ ਝੋਲੀ ਚੁੱਕਾਂ ਦਾ ਭੇੜ ਬਣਾਂਦੇ ਸਨ। ਅਸਲ ਡਾਕੂ ਤੇ ਉਹ ਆਪ ਸਨ। ਮੀਆਂ ਜੀ ਸਾਡੇ ਇਹੋ ਦੱਸਦੇ ਸਨ ਸਾਨੂੰ। ਨਾਲ ਪੱਕੀ ਕਰਦੇ ਸਨ ਕਿਸੇ ਨਾਲ ਗੱਲ ਨਹੀਂ ਕਰਨੀ, ਨਹੀਂ ਤੇ ਅੰਗਰੇਜ਼ਾਂ ਜਿਊਂਦਿਆਂ ਨਹੀਂ ਛੱਡਣਾ। ਘਾਣ ਬੱਚਾ ਕੋਹਲੂ ਕਰ ਦੇਣਗੇ ਸਾਡਾ, ਅਸਾਂ ਆਪਣੇ ਆਪ ਨੂੰ ਸੂਤੀ ਰੱਖਣਾ..'

'ਅੰਮਾਂ ਤੁਸਾਂ ਉਨ੍ਹਾਂ ਨੂੰ ਏਨੀ ਵਾਰੀ ਵੇਖਿਆ, ਮੈਂ ਤੁਹਾਡੀਆਂ ਅੱਖਾਂ ਵੇਖਣਾਂ ਮੈਨੂੰ ਉਹ ਦਿੱਸਦੇ ਤੇ ਨਹੀਂ ਵਿੱਚੋਂ, ਪਰ ਮੈਨੂੰ ਇਹ ਸੁਆਦ ਆਵੰਦਾ ਏ ਬਈ ਇਨ੍ਹਾਂ ਅੱਖਾਂ ਉਨ੍ਹਾਂ ਨੂੰ ਵੇਖਿਆ ਹੋਇਆ ਏ। ਕਦੀ ਉਹ ਵਿੱਚੋਂ ਦਿਸ ਵੀ ਪੈਣ ਨਾ..'

ਅੰਮਾਂ ਹੱਸੀ, 'ਕਾਲੀ ਉਹ ਅੱਖਾਂ ਤੋਂ ਚੇਤੇ ਵਿੱਚ ਜਾ ਲੱਥੇ ਨੇ ਤੇ ਓਥੋਂ ਲਫਜ਼ਾਂ ਵਿੱਚ ਆ ਗਏ ਹੋਏ ਨੇ। ਹੁਣ ਸਾਰੀ ਗੱਲ ਇਨ੍ਹਾਂ ਲਫਜ਼ਾਂ ਉਤੇ ਏ ਜਦੋਂ ਚੇਤੇ ਆਉਂਦੇ ਨੇ ਚਿੱਤਰ ਬਣ ਕੇ ਅੱਖਾਂ ਮੂਹਰੇ ਆ ਜਾਂਦੇ ਨੇ ਤੇ ਲਫਜ਼ ਬਣ ਕੇ ਬੁੱਲ੍ਹਾਂ 'ਤੇ, ਮੈਂ ਤੈਨੂੰ ਗੱਲ ਸੁਣਾਈ ਸੀ ਨਾ ਉਨ੍ਹਾਂ ਦੀ।'

'ਹਾਂ ਅੰਮਾਂ..'

'ਤੇ ਕੀ ਲੱਗਾ ਸੀ ਤੈਨੂੰ?'

'ਉਹ ਮੈਨੂੰ ਦਿੱਸਣ ਲੱਗ ਪਏ। ਸਰਕਾਰੀ ਖਜ਼ਾਨੇ ਤੇ ਡਾਕਾਂ ਲੁੱਟਦੇ, ਸ਼ਾਹੂਕਾਰਾਂ ਦੀਆਂ ਵਹੀਆਂ ਫੂਕਦੇ। ਗਰੀਬਾਂ ਨੂੰ ਬਹੁੜਦੇ ਤੁਹਾਡੇ ਬੋਲੇ ਲਫਜ਼ਾਂ ਨਾਲ ਮੂਰਤਾਂ ਜਗ ਪਈਆਂ ਸਨ ਮੇਰੇ ਚੇਤੇ ਵਿੱਚ ਟੁਰਦੀਆਂ ਫਿਰਦੀਆਂ। ਇਥੋਂ ਈ ਤਾਂ ਮੈਨੂੰ ਖਿਆਲ ਆਇਆ ਸੀ ਉਨ੍ਹਾਂ ਨੂੰ ਤੁਹਾਡੀਆਂ ਅੱਖਾਂ ਵਿੱਚ ਵੇਖਣ ਦਾ। ਪਰ ਉਹ ਤੇ ਮੇਰੀਆਂ ਅੱਖਾਂ ਵਿੱਚ ਟੁਰਦੇ ਫਿਰਦੇ ਪਏ ਸਨ ਕੰਨਾਂ ਵਿੱਚ ਤੁਹਾਡੇ ਲਫਜ਼ ਗੂੰਜਣ ਨਾਲ..

ਪਰ ਅੰਮਾਂ ਇਹ ਨਹੀਂ ਦੱਸਿਆ ਤੁਸੀਂ ਉਹ ਮੀਏਂ ਕੋਲ ਕੀ ਲੈਣ ਆਉਂਦੇ ਸਨ?'

'ਕਾਲੀ, ਮੀਏਂ ਹੋਰੀਂ ਉਨ੍ਹਾਂ ਨੂੰ ਪੁਲਸ ਤੋਂ ਚੌਕਸ ਰੱਖਦੇ ਸਨ। ਕਿੱਥੇ-ਕਿੱਥੇ ਪੁਲਸ ਨੇ ਉਨ੍ਹਾਂ ਨੂੰ ਫੜਨ ਲਈ ਚੜ੍ਹਨਾ ਏ, ਸੂਹਿਆਂ ਨੇ ਕਿਹੜੀਆਂ-ਕਿਹੜੀਆਂ ਸੂਹਾਂ ਕੱਢੀਆਂ ਨੇ ਉਨ੍ਹਾਂ ਦੀਆਂ। ਉਨ੍ਹਾਂ ਕਿਹੜੀਆਂ ਥਾਵਾਂ 'ਤੇ ਜਾਣਾ ਏ ਤੇ ਕਿਹੜੀਆਂ 'ਤੇ ਨਹੀਂ। ਉਹ ਫੇਰ ਆਪਣਾ ਸਾਮ੍ਹਾ ਕਰ ਲੈਂਦੇ ਸਨ।'

'ਅੰਮਾਂ ਮੀਈ ਹੋਰੀਂ ਤੇ ਫੇਰ ਉਨ੍ਹਾਂ ਨਾਲ ਰਲੇ ਹੋਏ ਸਨ ਨਾ..'

'ਹਾਂ ਪੁੱਤਰ, ਉਨ੍ਹਾਂ ਦਾ ਪੱਖ ਕਰਨਾ ਈ ਈਮਾਨ ਸੀ।'

ਅੰਮੀ ਮੇਰੀ ਸਾਡੀ ਨਾਨੀ ਦੋਹਤਰੇ ਦੀ ਗੱਲ ਚੁੱਪਚਾਪ ਸੁਣਦੀ ਸੀ। ਉਹ ਰੋਟੀਆਂ ਪਕਾਉਂਦੀ-ਪਕਾਉਂਦੀ ਹਾਂਡੀ ਵੇਖ ਲੈਂਦੀ, ਉਹਦਾ ਧਿਆਨ ਦੋਵਾਂ ਚੁੱਲ੍ਹਿਆਂ ਵਿੱਚ ਬਲਦੇ ਗੋਹਿਆਂ ਅਤੇ ਲੱਕੜਾਂ 'ਤੇ ਵੀ ਰਹਿੰਦਾ ਸੀ।

'ਮੀਆਂ ਜੀ ਬੜੇ ਈਮਾਨ ਵਾਲੇ ਬੰਦੇ ਸਨ, ਕਦੀ-ਕਦੀ ਉਨ੍ਹਾਂ ਨੂੰ ਲੱਗਣਾ ਜਿਵੇਂ ਅੰਗਰੇਜ਼ ਅਫਸਰਾਂ ਨੂੰ ਉਨ੍ਹਾਂ 'ਤੇ ਸ਼ੱਕ ਹੋ ਗਿਆ ਏ ਜਬਰੂ ਨਜ਼ਾਮ ਦਾ। ਉਦੋਂ ਮੀਈ ਹੋਰੀਂ ਉਨ੍ਹਾਂ ਨੂੰ ਆਪਣੇ ਵੱਲ ਫੇਰਾ ਮਾਰਨੋਂ ਵਰਜ ਦਿੰਦੇ, ਇਹ ਸੁਨੇਹਾ ਉਹ ਕਿਸੇ ਹੱਥ ਨਹੀਂ ਸੀ ਘੱਲਦੇ। ਬਾਹਰ ਸੀ ਜਿਥੇ ਕੋਈ ਸ਼ੋਅ ਰੱਖਣ ਚੁੱਕਣ ਦੀ ਸੈਨਤ ਹੁੰਦੀ ਸੀ। ਅੱਛਾ ਕਾਲੀ, ਇਹ ਦੱਸ ਤੈਨੂੰ ਮੀਆਂ ਜੀ ਵੀ ਨਜ਼ਰ ਆਉਂਦੇ ਨੇ ਮੇਰੀਆਂ ਗੱਲਾਂ ਵਿੱਚੋਂ?'

'ਆਹੋ ਅੰਮਾਂ ਦਿੱਸਦੇ ਨੇ। ਜਿਵੇਂ-ਜਿਵੇਂ ਤੁਹਾਡੀ ਸੁਣਾਈ ਗੱਲ ਚੇਤੇ ਵਿੱਚ ਉਤਰਦੀ ਏ ਅੱਖਾਂ ਅੱਗੇ ਮੂਰਤ ਉਘੜਦੀ ਜਾਂਦੀ ਏ ਉਨ੍ਹਾਂ ਦੀ..'

'ਮੀਈ ਹੋਰਾਂ ਨੂੰ ਅਖੀਰ ਅੰਗਰੇਜ਼ਾਂ ਨੇ ਫੜ ਲਿਆ। ਥੋੜ੍ਹੀ ਬਹੁਤ ਜ਼ਮੀਨ ਸੀ ਤੇ ਆਪਣਾ ਘਰ, ਸਭ ਜ਼ਬਤ ਕਰ ਲਿਆ ਉਨ੍ਹਾਂ। ਅਖੇ ਇਹ ਅੰਗਰੇਜ਼ੀ ਸਰਕਾਰ ਦੇ ਵੈਰੀਆਂ ਨਾਲ ਰਲਿਆ ਹੋਇਆ ਏ। ਮੁਕੱਦਮਾ ਚਲਿਆ। ਕੁਝ ਵੀ ਸਾਬਤ ਨਾ ਹੋਇਆ। ਆਪੇ ਸ਼ਹਾਦਤੀ ਪਾ ਕੇ ਢਾਈ ਵਰ੍ਹੇ ਕੈਦ ਪੰਜ ਹਜ਼ਾਰ ਜੁਰਮਾਨਾ ਤੇ ਨੌਕਰੀਓਂ ਬਰਖਾਸਤ ਕਰ ਦਿੱਤੋਂ ਨੇ। ਬੜਾ ਔਖਾ ਵੇਲਾ ਆ ਗਿਆ ਕਾਲੀ ਸਾਡੇ 'ਤੇ। ਮਾਂ ਸਾਡੀ ਹਿੰਮਤ ਵਾਲੀ ਸੀ। ਜ਼ਰੀ ਨਾ ਡੋਲੀ। ਭਰਾ ਦੇ ਹਿੱਸੇ 'ਤੇ ਪੈਲੀ ਲੈ ਲਈ ਉਸ। ਚੌਥੇ 'ਤੇ। ਆਪ ਕੀਤੀ ਓਸ ਵਾਹੀ। ਸਾਨੂੰ ਸਾਰਿਆਂ ਨੂੰ ਨਾਲ ਲਾ ਕੇ। ਭਰਾ ਸਨ ਤਿੰਨ ਮੈਥੋਂ ਵੱਡੇ। ਸਰੀਰ ਦੇ ਵਾਹਵਾ ਤਗੜੇ। ਮਾਂ ਦੀਆਂ ਬਾਹਵਾਂ ਬਣ ਗਏ। ਅਸੀਂ ਦੋ ਭੈਣਾਂ ਵੀ ਜਿੰਨੇ ਜੋਗੀਆਂ ਸਨ, ਮਾਂ ਨਾਲ ਹੱਥ ਵਟਾਂਦੀਆਂ। ਇਹ ਸਾਰੀ ਚੂਨੀਆਂ ਦੀ ਗੱਲ ਏ। ਅਸੀਂ ਓਥੋਂ ਦੇ ਈ ਤੇ ਸਾਂ। ਜਬਰੂ ਨਜ਼ਾਮ ਲਈ ਅੰਗਰੇਜ਼ਾਂ ਸ਼ਾਹੂਕਾਰਾਂ, ਲੰਬਰਾਂ, ਸਫੈਦ ਪੋਸ਼ਾਂ, ਜ਼ੈਲਦਾਰਾਂ ਤੇ ਪੁਲਸਾਂ ਦੀਆਂ ਥਾਂ-ਥਾਂ ਥੌਰਾਂ ਲਾ ਦਿੱਤੀਆਂ। ਉਨ੍ਹਾਂ ਦੇ ਜੁੱਟਾਂ ਵਿੱਚ ਕੱਚੇ ਪਿੱਲੇ ਬੰਦੇ ਵਾੜ ਦਿਤੀਓ ਨੇ। ਓੜਕ ਹੋਣੀ ਵਾਰ ਕਰ ਗਈ। ਪਹਿਲਾਂ ਜਬਰੂ ਮਾਰਿਓਂ ਨੇ ਫੇਰ ਨਜ਼ਾਮ ਘੋੜੇ 'ਤੇ ਚੜ੍ਹਿਆ ਸਿਰ 'ਤੇ ਕੜਾਹੀ ਧਰ ਕੇ ਪੁਲਸ ਦਾ ਘੇਰਾ ਤੋੜ ਕੇ ਨਿਕਲਦ ਬੂਹੇ ਦੀ ਸਰਦਲ ਨਾਲ ਵੱਜ ਕੇ ਢੱਠਾ ਥਾਂ ਮਰ ਗਿਆ। ਜਬਰੂ ਦਾ ਆਂਹਦੇ ਨੇ ਮੁਲਾਹਜ਼ੇ ਵਿੱਚ ਦਿਲ ਕੱਢ ਕੇ ਤੋਲਿਓ ਨੇ ਤਾਂ ਸੇਰ ਪੱਕੇ ਦਾ ਨਿਕਲਿਆ, ਅਸਲ ਵਿੱਚ ਜਵਾਨ ਈ ਢਿਗ ਸੀ। ਆਹ ਪਹਾੜ ਜਿੱਡਾ ਕੱਦ, ਕਾਲਾ ਸ਼ਾਹ ਰੰਗ, ਟਿੰਡ ਕਰਾਈ ਹੁੰਦੀ ਸਾਸੂ। ਦੋਵਾਂ ਕੰਨੀਆਂ ਵਿੱਚ ਨੱਤੀਆਂ। ਜਾਮ੍ਹਨਾਂ ਦਾ ਨਾਈ ਸੀ। ਧਰਮ ਦਾ ਹਿੰਦੂ ਤੇ ਨਜ਼ਾਮ ਮੁਸਲਮੀਨ। ਨਹੀਂ ਹਿੰਦੂ ਮੁਸਲਮੀਨ ਕੋਈ ਨਾ। ਬੱਸ ਨਾਈ ਤੇ ਲੁਹਾਰ ਤੇ ਮੀਆਂ ਜੱਟ ਹਲਵਾਹਕ, ਸਗਵਾਂ ਉਨ੍ਹਾਂ ਵਿੱਚੋਂ ਇਕ। ਇੱਕਾ ਮੇਲ। ਨਜ਼ਾਮ ਗੋਰਿਆਂ ਦੀ ਪਲਟਣ ਛੱਡ ਆਇਆ। ਇਹ ਗੱਲਾਂ ਵੱਡੇ-ਵੱਡੇ ਆਲਮਾਂ ਨੂੰ ਨਹੀਂ ਸੀ ਸੁਝਦੀਆਂ ਇਨ੍ਹਾਂ ਪਾ ਲਈਆਂ ਸਨ। ਜਥੇਬੰਦ ਹੋ ਗਏ। ਵੱਖਰਾ-ਵੱਖਰਾ ਤੇ ਨਾਂ ਈ ਨਹੀਂ ਸੀ ਬੋਲਦਾ ਉਨਵਾਂ ਦਾ, ਜਿਸ ਆਖਣਾ ਜਬਰੂ ਨਜ਼ਾਮ ਈ ਆਖਣਾ। ਮਜ਼ਹਬ ਸਨ ਨੇ ਜ਼ਾਲਮਾ ਨਾਲ ਲੜਨਾ। ਇਹ ਤੋਂ ਵੱਡਾ ਕਿਹੜਾ ਮਜ਼ਹਬ ਹੋ ਸਕਦਾ ਏ।'

ਅੰਮਾਂ ਚੁੱਪ ਕਰ ਗਈ।

ਜ਼ਮਾਨੇ ਬੀਤ ਗਏ ਨੇ। ਮੈਂ ਆਪਣੀ ਅੰਮੀ ਦੀ ਉਸ ਵੇਲੇ ਦੀ ਉਮਰ ਟੱਪ ਕੇ ਆਪੂੰ ਅੰਮਾਂ ਦੀ ਉਮਰ ਨੂੰ ਅੱਪੜਿਆ ਖਲਾ ਹਾਂ। ਅੰਮਾਂ ਤੋਂ ਮਗਰੋਂ ਇਹ ਜਬਰੂ ਨਜ਼ਾਮ ਦੀ ਗੱਲ ਮੈਂ ਅੰਮੀ ਕੋਲੋਂ ਸੁਣਦਾ ਰਹਿਆਂ। ਜਦੋਂ ਉਨ੍ਹਾਂ ਨੂੰ ਵੇਖਣ ਨੂੰ ਦਿਲ ਕਰਦਾ ਏ ਅੰਮੀ ਤੇ ਅੰਮਾਂ ਦੇ ਮੂੰਹੋਂ ਨਿਕਲੇ ਲਫਜ਼ ਚੇਤੇ ਕਰਨੇ ਛੋਹ ਦੇਨਾਂ। ਸਾਰਾ ਕੁਝ ਮੇਰੀਆਂ ਅੱਖਾਂ ਵਿੱਚ ਉਭਰ ਆਉਂਦਾ ਏ..ਮੇਰੀ ਆਪਣੀ ਬੋਲੀ 'ਤੇ ਪੱਕ ਹੋਰ ਦ੍ਰਿੜ ਹੋ ਜਾਂਦਾ ਏ। ਮੈਂ ਹੋਰ ਹਰ ਬੋਲੀ ਸਿੱਖ ਸਕਨਾਂ, ਪੜ੍ਹ ਸਕਨਾਂ, ਲੋੜ ਪਵੇ ਤਾਂ ਬੋਲ ਵੀ ਸਕਨਾਂ, ਪਰ ਚੇਤੇ ਮੇਰੇ ਵਿੱਚ ਚਿਤਰ ਆਪਣੀ ਬੋਲੀ ਈ ਵਿਖਾਲਦੀ ਏ। ਨਾਨੀ ਮੇਰੀ ਕਿੱਡੀ ਸੱਚੀ ਸੀ। ਕਹਿੰਦੀ ਸੀ, ਆਪਣੇ ਲਫਜ਼ਾਂ ਰਾਹੀਂ ਜੋ ਤੂੰ ਸੁਣਿਆ ਏ, ਜੋ ਤੂੰ ਵੇਖਿਆ ਏ ਉਹਨੂੰ ਜਿੰਨੀ ਵਾਰੀ ਚਾਹਵੇਂ ਵੇਖ ਸਕਣਾ ਐਂ। ਜਿਉਂਦਾ ਜਾਗਦਾ। ਬੱਸ ਲਫਜ਼ ਨਾ ਵਿਸਰਨ ਤੈਨੂੰ, ਲਫਜ਼ ਵਿਸਰੇ ਤਾਂ ਚੇਤਾ ਗਵਾਚ ਜਾਈਦਾ। ਚੇਤੇ ਬਿਨਾ ਤੇ ਬੰਦੇ ਦੀ ਜੜ੍ਹ ਮੁਣਿਆਦ ਈ ਖੇਹ ਹੋ ਜਾਂਦੀ ਏ ਉਸ ਅਜੋਕ ਭਲਕ ਕੀ ਵੇਖਣੀ ਏ। ਜਬਰੂ ਨਜ਼ਾਮ ਸਾਡਾ ਕਲੌਂਕ ਸਨ। ਉਨ੍ਹਾਂ ਬਿਨਾਂ ਨਾ ਸਾਡਾ ਹੁਣ ਏ ਨਾ ਸਾਡਾ ਅੱਗੋਂ। ਸ਼ਰਤ ਇੱਕਾ ਏ ਜੇ ਸਾਡੀ ਬੋਲੀ ਸਾਨੂੰ ਇਹ ਦੱਸੇ ਤਾਂ..।

Dr. Randhawa Dentistry

Your own dentist who really cares for you

We Provide the following Services:
- Dental Crowns, Veneers & Bridges
- Dental Fillings & Gum Treatment
- Root Canal (RCT), Dentures, Extraction
- Kids Dentistry
- Wisdom Tooth Surgery
- Invisalign (Invisible Braces)
- Digital X-Rays System
- Teeth Cleaning & Whitening
- Cosmetic Dental Treatment

- ਸੀਨੀਅਰ ਡਿਸਕਾਊਂਟ
- ਅਸੀਂ ਤੁਹਾਡੀ ਭਾਸ਼ਾ ਬੋਲਦੇ ਹਾਂ
- ਐਮਰਜੈਂਸੀ ਅਤੇ ਵਾਕ ਇਨ ਸੇਵਾਵਾਂ

Dr. Samreet Kaur Randhawa
General Family Dentist

New Patients welcome
Deal Directly with all Insurance Companies

INVISALIGN & BRACES INCLUDING CLEAR BRACES
Invisible Braces ਜਿਹੜੀਆਂ ਕਿ ਦੂਰੋਂ ਨਜਰ ਨਹੀਂ ਆਉਂਦੀਆਂ
Show Your Smile More With Invisible Braces!

NEW LOCATION
10 SQUIRE ELLIS DR, UNIT 5-6
BRAMPTON, ON L6P 4K6
(MAJOR INTERSECTION: GORE RD/MAYFIELD)
Tel :905-794-5111

Mayfield Rd
Mcvean Dr
Gore Rd
DENTISTRY
Squire Ellis Dr
Countryside Dr

FIRST LOCATION
DENTISTRY @ BONNIE BRAES
50 CHESTERWOOD CRES, UNIT 2
BRAMPTON, ON L6Y 0Z4
(OPP. CHRUCHVILLE PUBLIC SCHOOL, JAMES POTTER / BONNIE BRAES INTERSECTION)
Tel : 905-230-9044

NEED A LAWYER ??
KAUR LAW OFFICE
Red Seal NOTARY



MANJEET KAUR
LL.B., (London UK)
Barrister, Solicitor & Notary Public

REAL ESTATE LAWYER
- Residential & Commercial
- Sale/Purchase of House
- Mortgage & Refinancing
- Drafting/Reviewing Agreements
- Title Transfer
- 2nd Mortgage

IMMIGRATION
Skilled Worker Category
Spousal & Family Sponsorship
- Student Permits Visa & Renewals
- PR Renewal/ Citizenship Application

FAMILY LAWYER
- Child & Spousal support
- Custody & Access
- Divorce
- Equalization

BUSINESS LAW
- Incorporation & Shareholder agreements
- Sales & Purchase of Assets & Shares
- Notarization & Affidavits

WILLS & ESTATE
- Wills
- Certificate of Estate Trustee with/without Will
- Power of attorney for Property & Personal Care

Tel : 905-454-0099
Fax: 905-454-2234
2575 Steeles Ave. E., Unit 1,Brampton, ON L6T 5T1



# ਚੋਣਾਂ ਨੇੜੇ ਹਰਸਿਮਰਤ ਕੌਰ ਬਾਦਲ ਨੇ ਖਜ਼ਾਨੇ ਦਾ ਮੂੰਹ ਖੋਲ੍ਹਿਆ

*** ਇੱਕੋ ਮਹੀਨੇ ਵਿੱਚ ਐੱਮ ਪੀ ਕੋਟੇ ਵਿੱਚੋਂ ਪੌਣੇ ਸੱਤ ਕਰੋੜ ਵੰਡੇ**

ਬਠਿੰਡਾ, 6 ਫਰਵਰੀ (ਪੋਸਟ ਬਿਊਰੋ)- ਪੰਜਾਬ ਦੇ ਸਭ ਤੋਂ ਪ੍ਰਭਾਵਸ਼ਾਲੀ ਸਿਆਸੀ ਘਰਾਣਾ ਮੰਨੇ ਜਾਂਦੇ ਬਾਦਲ ਪਰਵਾਰ ਦੀ ਨੂੰਹ ਹਰਸਿਮਰਤ ਕੌਰ ਬਾਦਲ ਨੇ ਬਠਿੰਡਾ ਦੇ ਵੋਟਰਾਂ ਲਈ ਸਰਕਾਰੀ ਖਜ਼ਾਨੇ ਦੇ ਮੂੰਹ ਖੋਲ੍ਹ ਦਿੱਤੇ ਹਨ। ਕਰੀਬ ਦੋ ਸਾਲ ਲੰਮੀ ਚੁੱਪ ਤੋਂ ਬਾਅਦ ਦੋ ਵਾਰ ਬਠਿੰਡਾ ਤੋਂ ਲੋਕ ਸਭਾ ਮੈਂਬਰ ਰਹੀ ਹਰਸਿਮਰਤ ਕੌਰ ਬਾਦਲ ਨੇ ਚੋਣਾਂ ਨੇੜੇ ਆਣ ਕੇ ਕਰੀਬ ਸਵਾ ਮਹੀਨੇ ਵਿੱਚ ਪੌਣੇ ਸੱਤ ਕਰੋੜ ਦੀਆਂ ਗਰਾਂਟਾਂ ਵੰਡ ਦਿੱਤੀਆਂ ਹਨ, ਪਰ ਇਸ ਵਿੱਚ ਵੀ ਸਰਕਾਰੀ ਖਜ਼ਾਨੇ ਦਾ ਮੂੰਹ ਖਾਸ ਕਰ ਕੇ ਅਕਾਲੀ ਸਮਰਥਕ ਪੰਚਾਇਤਾਂ ਵੱਲ ਹੀ ਖੁੱਲ੍ਹਿਆ ਹੈ। ਇਸ ਤੋਂ ਇਲਾਵਾ ਬੀਬੀ ਬਾਦਲ ਨੇ ਵੰਡੇ ਪੌਣੇ ਸੱਤ ਕਰੋੜ ਵਿੱਚੋਂ ਦੋ ਕਰੋੜ ਚਾਲੀ ਲੱਖ ਇਕੱਲੇ ਲੰਬੀ ਹਲਕੇ ਨੂੰ ਦਿੱਤੇ ਹਨ, ਜਿੱਥੋਂ ਅਕਾਲੀ ਦਲ ਦੀ ਨੁਮਾਇੰਦਗੀ ਬੀਬੀ ਬਾਦਲ ਦੇ ਸਹੁਰਾ ਅਤੇ ਪੰਜਾਬ ਦੇ ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਕਰਦੇ ਹਨ/ ਬਠਿੰਡਾ ਸ਼ਹਿਰੀ ਹਲਕੇ ਵੱਲ ਬੀਬੀ ਨੇ ਹਾਲੇ ਵੀ ਹੱਥ ਘੁੱਟ ਕੇ ਹੀ ਰੱਖਿਆ ਹੋਇਆ ਹੈ।

ਵਰਨਣ ਯੋਗ ਹੈ ਕਿ ਬਠਿੰਡਾ ਲੋਕ ਸਭਾ ਹਲਕੇ ਵਿਚਲੇ ਨੌਂ ਵਿਧਾਨ ਸਭਾ ਹਲਕਿਆਂ ਤੋਂ ਮੁਕਤਸਰ ਸਾਹਿਬ ਜ਼ਿਲ੍ਹੇ ਦਾ ਲੰਬੀ ਹਲਕਾ ਵੀ ਹੈ। ਅਕਾਲੀ-ਭਾਜਪਾ ਵੱਲੋਂ ਇਸ ਹਲਕੇ ਤੋਂ ਮੁੜ ਸੰਭਾਵਿਤ ਉਮੀਦਵਾਰ ਸ੍ਰੀਮਤੀ ਬਾਦਲ ਦੇ ਕੋਟੇ 'ਚ ਹਾਲੇ ਵੀ ਸਾਢੇ ਸੱਤਰ ਕਰੋੜ ਰੁਪਏ ਪਏ ਹਨ। ਸੂਤਰਾਂ ਅਨੁਸਾਰ ਉਕਤ ਗ੍ਰਾਂਟਾਂ ਲੈਣ ਲਈ ਭੱਜ ਨੱਠ ਕੀਤੀ ਜਾ ਰਹੀ ਹੈ। ਅਗਲੀਆਂ ਲੋਕ ਸਭਾ ਚੋਣਾਂ ਲਈ ਮਾਰਚ ਦੇ ਪਹਿਲੇ ਹਫਤੇ ਜ਼ਾਬਤਾ ਲੱਗਣ ਦੀ ਸੰਭਾਵਨਾ ਹੈ ਜਿਸ ਦੇ ਕਾਰਨ ਕੇਂਦਰੀ ਮੰਤਰੀ ਬੀਬੀ ਦਾ ਇਹ ਗ੍ਰਾਂਟ ਵੰਡ ਯੱਗ ਅਗਲੇ ਕਈ ਦਿਨ



ਨਿਰੰਤਰ ਜਾਰੀ ਰਹਿ ਸਕਦਾ ਹੈ।

ਜ਼ਿਕਰ ਯੋਗ ਹੈ ਕਿ ਆਖਰੀ ਵਾਰ ਬੀਬੀ ਹਰਸਿਮਰਤ ਕੌਰ ਬਾਦਲ ਨੇ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਦਸੰਬਰ 2016 ਤੱਕ ਖੁੱਲ੍ਹੇ ਹੱਥ ਨਾਲ ਗ੍ਰਾਂਟਾਂ ਵੰਡੀਆਂ ਸਨ, ਪ੍ਰੰਤੂ ਚਾਰ ਮਾਰਚ 2017 ਨੂੰ ਆਏ ਚੋਣ ਨਤੀਜਿਆਂ ਵਿੱਚ ਸੂਬੇ ਵਿੱਚ ਕਾਂਗਰਸ ਦੀ ਸਰਕਾਰ ਬਣਨ ਪਿੱਛੋਂ ਉਨ੍ਹਾਂ ਐੱਮ ਪੀ ਕੋਟੇ ਨੂੰ ਜਿੰਦਾ ਲਾ ਦਿੱਤਾ ਸੀ। ਪਿਛਲੀ ਅਕਾਲੀ-ਭਾਜਪਾ ਸਰਕਾਰ ਦੌਰਾਨ ਉਨ੍ਹਾਂ ਵੱਲੋਂ ਐੱਮ ਪੀ ਕੋਟੇ ਦੇ ਨਾਲ ਮੁੱਖ ਮੰਤਰੀ ਅਤੇ ਉਪ ਮੁੱਖ ਮੰਤਰੀ ਦੇ ਕੋਟੇ ਤੋਂ ਇਲਾਵਾ ਪੇਂਡੂ ਵਿਕਾਸ ਫੰਡ ਆਦਿ ਵਿੱਚੋਂ ਵੀ ਦਿਲ ਖੋਲ੍ਹ ਕੇ ਬਠਿੰਡਾ ਵਾਸੀਆਂ ਨੂੰ ਗ੍ਰਾਂਟਾਂ ਦਿੱਤੀਆਂ ਗਈਆਂ ਸਨ। ਜਾਣਕਾਰ ਸੂਤਰਾਂ ਅਨੁਸਾਰ ਜਨਵਰੀ ਮਹੀਨੇ 'ਚ ਗ੍ਰਾਂਟਾਂ ਵੰਡਣ ਦੇ ਕੰਮ ਵਿੱਚ ਸ੍ਰੀਮਤੀ ਬਾਦਲ ਵੱਲੋਂ ਲੰਬੀ ਹਲਕੇ ਨੂੰ 2.40 ਕਰੋੜ, ਬੁਢਲਾਡਾ ਹਲਕੇ ਨੂੰ 1.70 ਕਰੋੜ, ਮਾਨਸਾ ਨੂੰ 1.19 ਕਰੋੜ, ਭੁੱਚੋ ਤੇ ਮੌੜ ਹਲਕੇ ਨੂੰ 60-60 ਲੱਖ ਅਤੇ ਬਠਿੰਡਾ ਸ਼ਹਿਰੀ 'ਚ ਸਿਰਫ 20 ਲੱਖ ਦੀ ਗਰਾਂਟ ਦਿੱਤੀ ਗਈ ਹੈ। ਦੋਵਾਂ ਲੋਕ ਸਭਾ ਚੋਣਾਂ 'ਚ ਬੀਬੀ ਹਰਸਿਮਰਤ ਕੌਰ ਬਾਦਲ ਦੀਆਂ ਬਠਿੰਡਾ ਸ਼ਹਿਰੀ ਹਲਕੇ ਵਿੱਚੋਂ ਵੋਟਾਂ ਘਟਦੀਆਂ ਰਹੀਆਂ ਹਨ। ਵਿਧਾਨ ਸਭਾ ਵਿੱਚ ਇਸ ਹਲਕੇ ਦੀ ਨੁਮਾਇੰਦਗੀ ਉਨ੍ਹਾਂ ਦਾ ਦਿਓਰ ਤੇ ਪੰਜਾਬ ਦੇ ਖਜ਼ਾਨੇ ਦਾ ਮੰਤਰੀ ਮਨਪ੍ਰੀਤ ਸਿੰਘ ਬਾਦਲ ਕਰਦਾ ਹੈ। ਸੂਤਰਾਂ ਮੁਤਾਬਕ ਸਾਲ 2017-18 ਦੀ ਇੱਕ ਕਿਸ਼ਤ ਤੇ ਸਾਲ 2018-19 ਦੀਆਂ ਹਾਲੇ ਦੋ ਕਿਸ਼ਤਾਂ ਕੇਂਦਰ ਵੱਲ ਬਕਾਇਆ ਹਨ।

## ਬੇਟੇ ਦੇ ਨਾਂਅ ਰਜਿਸਟਰੀ ਕਰਾਈ, ਉਸ ਨੇ ਕੱਢਿਆ ਤਾਂ ਕੋਰਟ ਨੇ ਪਿਤਾ ਦੀ ਜਾਇਦਾਦ ਮੁੜਵਾਈ

ਫਿਲੌਰ, 6 ਫਰਵਰੀ (ਪੋਸਟ ਬਿਊਰੋ)- ਬਜ਼ੁਰਗ ਪਿਤਾ ਨੇ 10 ਸਾਲ ਪਹਿਲਾਂ ਖਰੀਦਿਆ ਪਲਾਟ ਇਹ ਸੋਚ ਕੇ ਬੇਟੇ ਦੇ ਨਾਂਅ ਕਰ ਦਿੱਤਾ ਕਿ ਬੁਢਾਪਾ ਬੱਚਿਆਂ ਨਾਲ ਕੱਟੇਗਾ, ਪ੍ਰੰਤੂ ਬੇਟੇ ਨੇ ਜ਼ਮੀਨ ਉੱਤੇ ਬਣਾਈ ਕੋਠੀ ਦੇ ਗ੍ਰਹਿ ਪ੍ਰਵੇਸ਼ ਤੋਂ ਇੱਕ ਦਿਨ ਪਹਿਲਾਂ ਪਿਤਾ ਨੂੰ ਕੁੱਟ ਕੇ ਘਰੋਂ ਕੱਢ ਦਿੱਤਾ। ਪਿਤਾ ਨੇ ਅਦਾਲਤ ਦਾ ਦਰ ਖੜਕਾਇਆ ਤਾਂ ਦੋ ਸਾਲ ਪਿੱਛੋਂ ਫੈਸਲਾ ਆਏ ਤੋਂ ਬੇਟੇ ਦੇ ਨਾਂਅ ਰਜਿਸਟਰੀ ਰੱਦ ਕਰ ਕੇ ਪਿਤਾ ਦੇ ਨਾਂਅ ਇੰਤਕਾਲ ਕਰਨ ਦੇ ਹੁਕਮ ਹੋ ਗਏ।

ਅਧਿਆਪਕ ਰਤਨ ਸਿੰਘ ਤੇ ਸਰਕਾਰੀ ਸਕੂਲ ਦੀ ਟੀਚਰ ਉਨ੍ਹਾਂ ਦੀ ਪਤਨੀ ਬਲਵਿੰਦਰ ਕੌਰ ਨੇ ਦੱਸਿਆ ਕਿ ਉਨ੍ਹਾਂ ਦੇ ਦੋ ਵਿਆਹੇ ਹੋਏ ਬੇਟੇ



ਹਨ। ਕੁਝ ਸਾਲ ਪਹਿਲਾਂ ਬੋਪਾਰਾਏ ਵਿੱਚ 10 ਲੱਖ ਰੁਪਏ ਵਿੱਚ ਪਲਾਟ ਖਰੀਦਿਆ ਤੇ ਸੋਚਿਆ ਸੀ ਕਿ ਰਿਟਾਇਰਮੈਂਟ ਪਿੱਛੋਂ ਇਥੇ ਘਰ ਬਣਾ ਕੇ ਬੱਚਿਆਂ ਨਾਲ ਰਹਾਂਗੇ। ਪਲਾਟ ਉਨ੍ਹਾਂ ਨੇ ਛੋਟੇ ਬੇਟੇ ਕੰਵਲਦੀਪ ਦੇ ਨਾਂਅ ਕਰ ਦਿੱਤਾ ਅਤੇ ਬੇਟੇ ਦੇ ਕਹਿਣ 'ਤੇ ਪਿੰਡ ਵਡਾਲਾ ਵਿੱਚ ਪਏ ਘਰ ਨੂੰ ਵੇਚ ਕੇ ਸਾਲ 2016 ਵਿੱਚ ਉਸੇ ਖਾਲੀ ਪਲਾਟ 'ਤੇ ਕੋਠੀ ਵੀ ਬਣਵਾ ਦਿੱਤੀ, ਪ੍ਰੰਤੂ ਗ੍ਰਹਿ ਪ੍ਰਵੇਸ਼ ਦੇ ਇੱਕ ਦਿਨ ਪਹਿਲਾਂ ਉਨ੍ਹਾਂ ਦੇ ਬੇਟੇ ਨੇ ਉਨ੍ਹਾਂ ਨੂੰ ਕੁੱਟ ਕੇ ਘਰੋਂ ਕੱਢ ਦਿੱਤਾ। ਸਭ ਕੁਝ ਹੁੰਦੇ ਵੀ ਇਹ ਟੀਚਰ ਜੋੜਾ ਤਿੰਨ ਸਾਲ ਕਿਰਾਏ ਦੇ ਘਰ ਵਿੱਚ ਰਹਿਣ ਨੂੰ ਮਜਬੂਰ ਸੀ। ਐਡਵੋਕੇਟ ਇੰਦਰਜੀਤ ਵਰਮਾ ਨੂੰ ਮਿਲ ਕੇ ਉਨ੍ਹਾਂ ਨੇ ਸਥਾਨਕ ਅਦਾਲਤ ਵਿੱਚ ਬੇਟੇ ਦੇ ਵਿਰੁੱਧ ਕੇਸ ਦਾਇਰ ਕਰ ਦਿੱਤਾ। ਕੇਸ ਦੇ ਦੌਰਾਨ ਉਨ੍ਹਾਂ ਦੇ ਬੇਟੇ ਨੇ ਘਰ ਕਿਸੇ ਤੀਸਰੇ ਵਿਅਕਤੀ ਨੂੰ ਵੇਚ ਦਿਤਾ। ਉਨ੍ਹਾਂ ਦੱਸਿਆ ਕਿ ਸਥਾਨਕ ਅਦਾਲਤ ਨੇ ਦੋ ਸਾਲਾਂ ਤੋਂ ਚੱਲਦੇ ਕੇਸ 'ਤੇ ਕੱਲ੍ਹ ਉਨ੍ਹਾਂ ਦੇ ਹੱਕ ਵਿੱਚ ਫੈਸਲਾ ਦੇਂਦੇ ਹੋਏ ਅਧਿਕਾਰੀਆਂ ਨੂੰ ਨਿਰਦੇਸ਼ ਜਾਰੀ ਕੀਤੇ ਕਿ ਜੋ ਜਾਇਦਾਦ ਉਨ੍ਹਾਂ ਪੁੱਤਰ ਮੋਹ ਵਿੱਚ ਆ ਕੇ ਬੇਟੇ ਦੇ ਨਾਂਅ ਕੀਤੀ ਸੀ, ਉਸ ਦਾ ਇੰਤਕਾਲ ਰੱਦ ਕਰ ਕੇ ਫਿਰ ਮਾਤਾ-ਪਿਤਾ ਦੇ ਨਾਂਅ ਕੀਤਾ ਜਾਏ।

## ਖਾਲਿਸਤਾਨ ਕਮਾਂਡੋ ਫੋਰਸ ਦੇ ਰਤਨਦੀਪ ਨੂੰ ਪੰਜ ਸਾਲ ਕੈਦ, 10 ਹਜ਼ਾਰ ਰੁਪਏ ਜੁਰਮਾਨਾ



ਅੰਮ੍ਰਿਤਸਰ, 6 ਫਰਵਰੀ (ਪੋਸਟ ਬਿਊਰੋ)- ਸੰਨ 2010 ਅੰਮ੍ਰਿਤਸਰ 'ਚ ਰੇਲਵੇ ਸਟੇਸ਼ਨ ਨੇੜੇ ਕਾਰ ਬੰਬ ਧਮਾਕੇ ਦੀ ਕੋਸ਼ਿਸ਼ ਲਈ ਗ੍ਰਿਫਤਾਰ ਕੀਤੇ ਖਾੜਕੂਆਂ ਦੇ ਚਰਚਿਤ ਕੇਸ 'ਚ ਖਾਲਿਸਤਾਨ ਕਮਾਂਡੋ ਫੋਰਸ ਦੇ ਖਾੜਕੂ ਰਤਨਦੀਪ ਸਿੰਘ ਹਰਿਆਣਾ ਨੂੰ ਕੱਲ੍ਹ ਐਡੀਸ਼ਨਲ ਜ਼ਿਲਾ ਸੈਸ਼ਨ ਜੱਜ ਸਰਬਜੀਤ ਸਿੰਘ ਧਾਲੀਵਾਲ ਦੀ ਅਦਾਲਤ ਨੇ ਅਸਲਾ ਐਕਟ ਤਹਿਤ ਪੰਜ ਸਾਲ ਕੈਦ ਅਤੇ 10 ਹਜ਼ਾਰ ਰੁਪਿਆ ਜੁਰਮਾਨੇ ਦੀ ਸਜ਼ਾ ਸੁਣਾਈ ਹੈ। ਇਸ ਦੇ ਨਾਲ ਨਾਰ-ਾਇਣ ਸਿੰਘ ਚੌੜਾ, ਪਾਲ ਸਿੰਘ ਫਰਾਂਸ ਅਤੇ ਹਰਜਿੰਦਰ ਸਿੰਘ ਨੂੰ ਬਰੀ ਕਰ ਦਿੱਤਾ ਗਿਆ ਹੈ।

ਵਰਨਣ ਯੋਗ ਹੈ ਕਿ ਇਹ ਮਾਮਲਾ ਐਸ ਐਸ ਓ ਸੀ ਸੈਲ ਨੂੰ ਮਿਲੀ ਮੁਖਬਰੀ ਦੇ ਆਧਾਰ 'ਤੇ ਦਰਜ ਕੀਤਾ ਗਿਆ ਅਤੇ ਕਾਰ ਬੰਬ ਧਮਾਕੇ ਦੀ ਕੋਸ਼ਿਸ਼ ਕਰਨ ਵਾਲੇ ਸੁਖਦੇਵ ਸਿੰਘ ਸੁੱਖਾ ਚਿੜਾ ਨੂੰ ਫੜਿਆ ਗਿਆ, ਜਿਸ ਪਿੱਛੋਂ ਹੋਰ ਵੱਖ-ਵੱਖ ਥਾਵਾਂ ਤੋਂ ਖਾੜਕੂਆਂ ਨੂੰ ਗ੍ਰਿਫਤਾਰ ਕੀਤਾ ਗਿਆ ਸੀ। ਇਸ ਮਾਮਲੇ 'ਚ ਪੁਲਸ ਨੇ ਯੂ ਪੀ ਦੇ ਗੌਰਖਪੁਰ ਇਲਾਕੇ 'ਚ ਖਾੜਕੂ ਰਤਨਦੀਪ ਸਿੰਘ ਪਿੰਡ ਰੌੜ ਸਫੈਦੋ ਜ਼ਿਲਾ ਜੀਂਦ, ਹਰਿਆਣਾ ਨੂੰ ਗ੍ਰਿਫਤਾਰ ਕੀਤਾ ਸੀ, ਜੋ ਇਸ ਵੇਲੇ ਸੁਰੱਖਿਆ ਜੇਲ੍ਹ ਨਾਭਾ ਵਿਖੇ ਬੰਦ ਹੈ। ਪੁਲਸ ਨੇ ਇਸ ਖਾੜਕੂ ਤੋਂ ਇਕ ਏ ਕੇ 47 ਇਕ 30 ਬੋਰ ਪਿਸਤੌਲ ਅਤੇ ਰੌਂਦ ਵੀ ਬਰਾਮਦ ਕੀਤੇ ਸਨ। ਪੁਲਸ ਅਨੁਸਾਰ ਉਕਤ ਖਾੜਕੂ ਵੱਖ-ਵੱਖ ਥਾਈਂ ਹੋਏ ਬੰਬ ਧਮਾਕਿਆਂ 'ਚ ਲੋੜੀਂਦਾ ਹੈ ਅਤੇ ਉਸ ਖਿਲਾਫ ਸ਼ਾਹਬਾਦ ਦਿੱਲੀ ਵਿਖੇ ਹੋਏ ਧਮਾਕੇ ਦਾ ਮਾਮਲਾ ਵੀ ਵਿਚਾਰ ਅਧੀਨ ਹੈ।

## ਡੇਰਿਆਂ ਵਿੱਚ ਕੌਣ ਅਧਿਕਾਰੀ ਕਦੋਂ ਗਿਆ ਤੇ ਕੀ ਮਿਲਿਆ: ਹਾਈ ਕੋਰਟ

ਚੰਡੀਗੜ੍ਹ, 6 ਫਰਵਰੀ (ਪੋਸਟ ਬਿਊਰੋ)- ਪੰਜਾਬ ਹਰਿਆਣਾ ਵੱਲੋਂ ਸਾਰੇ ਡੇਰਿਆਂ ਦੀ ਜਾਂਚ ਦੇ ਬਾਰੇ ਹਾਈ ਕੋਰਟ ਵੱਲੋਂ ਦਿੱਤੇ ਹੁਕਮਾਂ ਦੀ ਸਹੀ ਪਾਲਣਾ ਨਾ ਕੀਤੇ ਜਾਣ ਬਾਰੇ ਅਦਾਲਤ ਦੀ ਉਲੰਘਣਾ ਪਟੀਸ਼ਨ 'ਤੇ ਜਸਟਿਸ ਨਿਰਮਲਜੀਤ ਕੌਰ ਨੇ ਸਰਕਾਰ ਤੋਂ ਰਿਪੋਰਟ ਮੰਗ ਲਈ ਹੈ। ਕੱਲ੍ਹ ਇਸ ਕੇਸ ਦੀ ਸੁਣਵਾਈ ਦੇ ਦੌਰਾਨ ਹਾਈ ਕੋਰਟ ਨੇ ਸਰਕਾਰ ਨੂੰ ਫਿਟਕਾਰ ਲਾਉਂਦੇ ਹੋਏ ਕਿਹਾ ਕਿ ਸਰਕਾਰੀ ਅਧਿਕਾਰੀ ਇਸ ਕੇਸ ਵਿੱਚ ਕੇਵਲ ਖਾਨਾਪੂਰਤੀ ਕਰ ਰਹੇ ਹਨ ਅਤੇ ਉਹ ਇੱਕ-ਦੂਸਰੇ ਨੂੰ ਪੱਤਰ ਲਿਖ ਕੇ ਆਪਣੀ ਡਿਊਟੀ ਪੂਰੀ ਕਰ ਰਹੇ ਹਨ।

ਕੋਰਟ ਨੇ ਸਖਤ ਰੁਖ਼ ਵਿਖਾਉਂਦੇ ਹੋਏ ਸਰਕਾਰ ਨੂੰ ਹੁਕਮ ਦਿੱਤਾ ਕਿ ਉਹ ਇੱਕ ਟੇਬਲ ਵਜੋਂ ਕੋਰਟ ਨੂੰ ਇਹ ਦੱਸੇ ਕਿ ਕਿਸ ਡੇਰੇ ਵਿੱਚ ਕਿਹੜਾ-ਕਿਹੜਾ ਅਧਿਕਾਰੀ ਕਦੋਂ-ਕਦੋਂ ਜਾਂਚ ਲਈ ਗਿਆ ਅਤੇ ਉਸ ਵਿੱਚ ਕੁਝ ਸ਼ੱਕੀ ਮਿਲਿਆ ਜਾਂ ਨਹੀਂ। ਪਟੀਸ਼ਨਰ ਰਵਨੀਤ ਦੇ ਵਕੀਲ




ਮਹਿੰਦਰ ਜੋਸ਼ੀ ਨੇ ਕੋਰਟ ਨੂੰ ਦੱਸਿਆ ਕਿ ਜੇ ਡੇਰਿਆਂ ਦੀ ਰੈਗੂਲਰ ਚੈਕਿੰਗ ਕੀਤੀ ਹੁੰਦੀ ਤਾਂ ਬਰਗਾੜੀ ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਨੂੰ ਰੋਕਿਆ ਜਾ ਸਕਦਾ ਸੀ, ਕਿਉਂਕਿ ਅੱਜ ਤੱਕ ਸਾਹ-ਮਣੇ ਆਈ ਜਾਣਕਾਰੀ ਮੁਤਾਬਕ ਬੇਅਦਬੀ ਦੀ ਸਾਜ਼ਿਸ਼ ਵੀ ਡੇਰਾ ਸੱਚਾ ਸੌਦਾ ਦੇ ਐਡਮਿਨ ਬਲਾਕ ਵਿੱਚ ਬਣੀ ਸੀ। ਰਵਨੀਤ ਸਿੰਘ ਜੋਸ਼ੀ ਵੱਲੋਂ ਦਾਖਲ ਪਟੀਸ਼ਨ ਵੇਖਦੇ ਹੋਏ ਭਵਿੱਖ ਵਿੱਚ ਡੇਰਿਆਂ ਦੀਆਂ ਸਰਗਰਮੀਆਂ 'ਤੇ ਤਿੱਖੀ ਨਜ਼ਰ ਰੱਖਣ ਦੇ ਹੁਕਮ ਦਿੱਤੇ ਸਨ। ਦੋਵਾਂ ਸੂਬਾ ਸਰਕਾਰਾਂ ਵੱਲੋਂ ਕਿਹਾ ਸੀ ਕਿ ਉਹ ਸਮੇਂ-ਸਮੇਂ 'ਤੇ ਡੇਰਿਆਂ ਦੀ ਮਾਨੀਟ੍ਰਿੰਗ ਕਰਨਗੇ।

## ਲੁਧਿਆਣਾ ਤੋਂ ਮੁਨੀਸ਼ ਤਿਵਾੜੀ ਅਤੇ ਪਵਨ ਨੇ ਦਾਅਵਾ ਠੋਕਿਆ

ਲੁਧਿਆਣਾ, 6 ਫਰਵਰੀ (ਪੋਸਟ ਬਿਊਰੋ)- ਸਾਬਕਾ ਕੇਂਦਰੀ ਮੰਤਰੀ ਮਨੀਸ਼ ਤਿਵਾੜੀ ਦੇ ਖਾਸ ਤੇ ਸਾਬਕਾ ਜ਼ਿਲ੍ਹਾ ਪ੍ਰਧਾਨ ਪਵਨ ਦੀਵਾਨ ਨੇ ਲੁਧਿਆਣਾ ਲੋਕ ਸਭਾ ਸੀਟ ਦੇ ਲਈ ਦਾਅਵਾ ਠੋਕ ਦਿੱਤਾ ਹੈ। ਪਵਨ ਦੀਵਾਨ ਨੇ ਕੱਲ੍ਹ ਚੰਡੀਗੜ੍ਹ ਸੂਬਾ ਕਾਂਗਰਸ ਦਫਤਰ ਵਿੱਚ ਪੂਰੇ ਜ਼ੋਰ ਨਾਲ ਦਾਅਵਾ ਪੇਸ਼ ਕੀਤਾ। ਇਸ ਨਾਲ ਲੁਧਿਆਣਾ ਦੇ ਪਾਰਲੀਮੈਂਟ ਮੈਂਬਰ ਰਵਨੀਤ ਸਿੰਘ ਬਿੱਟੂ ਦੀਆਂ ਮੁਸ਼ਕਲਾਂ ਵਧ ਸਕਦੀਆਂ ਹਨ। ਆਉਂਦੇ ਦਿਨ ਉਨ੍ਹਾਂ ਲਈ ਅਗਨੀ ਪ੍ਰੀਖਿਆ ਵਰਗੇ ਹੋਣਗੇ। ਪਵਨ ਵੱਲੋਂ ਦਾਅਵੇਦਾਰੀ ਪੇਸ਼ ਕਰਨ ਨਾਲ ਕਾਂਗਰਸ ਖੇਮੇ ਵਿੱਚ ਹਲਚਲ ਮੱਚ ਗਈ ਹੈ।

ਸਮਝਿਆ ਜਾਂਦਾ ਹੈ ਕਿ ਪਵਨ ਦੀਵਾਨ ਦੀ ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨਾਲ ਵੀ ਨੇੜਤਾ ਹੈ। ਸਾਲ 2014 ਵਿੱਚ ਕਾਂਗਰਸ ਦੇ ਸਾਬਕਾ ਸੂਬਾ ਪ੍ਰਧਾਨ ਪ੍ਰਤਾਪ ਸਿੰਘ ਬਾਜਵਾ ਦੇ ਖਿਲਾਫ ਡਟ ਕੇ ਕੈਪਟਨ ਅਮਰਿੰਦਰ ਸਿੰਘ ਦਾ ਸਾਥ ਦਿੱਤਾ ਸੀ। ਓਦੋਂ ਦੀਵਾਨ ਨੇ ਬਾਜਵਾ ਦੇ ਖਿਲਾਫ ਬੜੀ ਬਿਆਨਬਾਜ਼ੀ ਕੀਤੀ ਸੀ ਤੇ ਉਸ ਦੇ ਬਾਅਦ ਉਹ ਕੈਪਟਨ ਅਮਰਿੰਦਰ ਸਿੰਘ ਦੇ ਨਜ਼ਦੀਕੀਆਂ ਵਿੱਚ ਗਿਣੇ ਜਾਂਦੇ ਹਨ। ਲੁਧਿਆਣਾ ਵਿੱਚ ਮਨੀਸ਼ ਤਿਵਾੜੀ ਤੇ ਬਿੱਟੂ ਦਾ ਕਾਫੀ ਸਮੇਂ ਵਿਰੁੱਧ ਚੱਲ ਰਿਹਾ ਹੈ। ਛੇ ਮਹੀਨੇ ਪਹਿਲਾਂ ਮਨੀਸ਼ ਤਿਵਾੜੀ ਵੀ ਲੁਧਿਆਣੇ ਆ ਕੇ ਖੁਦ ਦਾ ਆਧਾਰ ਖੜ੍ਹਾ ਕਰਨ ਦੀ ਕੋਸ਼ਿਸ਼ ਕਰ ਚੁੱਕੇ ਹਨ। ਇਸ ਦੌਰਾਨ ਤਿਵਾੜੀ ਗੁੱਟ ਨੇ ਬਿੱਟੂ ਦੇ ਖਿਲਾਫ ਮੋਰਚਾ ਖੋਲ੍ਹ ਦਿੱਤਾ, ਪ੍ਰੰਤੂ ਉਨ੍ਹਾਂ ਚੰਡੀਗੜ੍ਹ ਸੀਟ ਤੋਂ ਲੋਕ ਸਭਾ ਚੋਣਾਂ ਦਾ ਦਾਅਵਾ ਠੋਕਿਆ ਸੀ। ਪੰਜਾਬ ਕਾਂਗਰਸ ਦੇ ਜਨਰਲ ਸੈਕਟਰੀ ਪਵਨ ਦੀਵਾਨ ਪਿਛਲੇ ਤੀਹ ਸਾਲਾਂ ਤੋਂ ਕਾਂਗਰਸ ਨਾਲ ਜੁੜੇ ਹੋਏ ਹਨ। ਉਹ 1987 ਵਿੱਚ ਕਾਂਗਰਸ 'ਚ ਸ਼ਾਮਲ ਹੋਏ ਤੇ ਸਾਲ 2010 ਤੋਂ 2014 ਤੱਕ ਜ਼ਿਲ੍ਹਾ ਕਾਂਗਰਸ ਦੇ ਪ੍ਰਧਾਨ ਰਹੇ ਹਨ। ਪਵਨ ਨੇ 2012 ਵਿੱਚ ਵਿਧਾਨ ਸਭਾ ਚੋਣਾਂ ਵਿੱਚ ਵੈਸਟ ਸੀਟ ਤੋਂ ਦਾਅਵਾ ਕੀਤਾ ਸੀ, ਪਰ ਟਿਕਟ ਨਹੀਂ ਮਿਲੀ ਸੀ।

## ਭਾਰਤੀ ਰੇਲਵੇ ਵੱਲੋਂ ਗੱਤੇ ਵਾਲੀਆਂ ਟਿਕਟਾਂ ਬੰਦ ਕਰਨ ਦਾ ਫੈਸਲਾ

ਪਟਿਆਲਾ, 6 ਫਰਵਰੀ (ਪੋਸਟ ਬਿਊਰੋ)- ਭਾਰਤ ਦੇ ਰੇਲ ਮੰਤਰਾਲੇ ਨੇ ਗੱਤੇ ਵਾਲੀਆਂ ਟਿਕਟਾਂ ਦੀ ਥਾਂ ਨਵੀਆਂ ਕਾਗਜ਼ ਵਾਲੀਆਂ ਟਿਕਟਾਂ ਲਿਆਉਣ ਦੀ ਤਿਆਰੀ ਕਰ ਲਈ ਹੈ। ਬੀਤੇ 165 ਸਾਲਾਂ ਤੋਂ ਭਾਰਤ ਵਿੱਚ ਰੇਲ ਦਾ ਸਫਰ ਕਰ ਰਹੇ ਲੋਕਾਂ ਨੂੰ ਬ੍ਰਿਟਿਸ਼ ਯੁੱਗ ਦੀਆਂ ਹਲਕੇ ਭੂਰੇ ਰੰਗ ਦੀਆਂ ਗੱਤੇ ਵਾਲੀਆਂ ਟਿਕਟਾਂ ਮਿਲ ਰਹੀਆਂ ਹਨ। ਇਸ ਸਾਲ ਤੋਂ ਭਾਰਤੀ ਰੇਲਵੇ ਨੇ ਇਹ ਟਿਕਟਾਂ ਬੰਦ ਕਰਨ ਦੇ ਫੈਸਲੇ ਨਾਲ ਰੇਲਵੇ ਡਿਵੀਜ਼ਨਾਂ ਨੂੰ ਟਿਕਟਾਂ ਦਾ ਪੁਰਾਣਾ ਸਟਾਕ ਮੁਕਾਉਣ ਨੂੰ ਕਿਹਾ ਹੈ। ਨਵੀਆਂ ਟਿਕਟਾਂ ਕੰਪਿਊਟਰ ਪ੍ਰਿੰਟ ਹੋਣਗੀਆਂ, ਜਿਨ੍ਹਾਂ ਉਤੇ ਯਾਤਰੀ ਦਾ ਨਾਂ ਅਤੇ ਹੋਰ ਜਾਣਕਾਰੀ ਹੋਵੇਗੀ। ਭਾਰਤੀ ਰੇਲਵੇ ਨੇ ਦਿੱਲੀ ਵਿੱਚ ਆਪਣੀ ਗੱਤੇ ਵਾਲੀ ਟਿਕਟਾਂ ਦੀ ਯੂਨਿਟ ਬੰਦ ਕਰ ਕੇ ਦੇਸ਼ ਦੇ ਵੱਖ-ਵੱਖ ਰੇਲਵੇ ਸਟੇਸ਼ਨਾਂ ਨੂੰ ਆਧੁਨਿਕ ਕੰਪਿਊਟਰ ਟਿਕਟ ਪ੍ਰਣਾਲੀ ਅਪਣਾਉਣ ਬਾਰੇ ਸੂਚਿਤ ਕਰ ਦਿੱਤਾ ਹੈ। ਅਧਿਕਾਰੀਆਂ ਨੇ ਦੱਸਿਆ ਕਿ ਨਵੀਂ ਟਿਕਟ ਉਤੇ ਵਾਧੂ ਜਾਣਕਾਰੀ ਦਿੱਤੀ ਜਾ ਸਕੇਗੀ। ਪੁਰਾਣੀਆਂ ਟਿਕਟਾਂ ਉਤੇ ਸਿਰਫ ਰੇਲ ਗੱਡੀ ਤੇ ਸਟੇਸ਼ਨ ਦਾ ਨਾਂ ਹੀ ਹੁੰਦਾ ਸੀ ਤੇ ਯਾਤਰੀ ਬਾਰੇ ਹੋਰ ਜਾਣਕਾਰੀ ਨਹੀਂ ਹੁੰਦੀ ਸੀ।

## ਸ਼ਾਸਤਰੀ ਮਾਰਕੀਟ ਨੇੜੇ ਕਾਰੋਬਾਰੀ ਦੇ ਪੁੱਤਰ ਦੀ ਹੱਤਿਆ

ਜਲੰਧਰ, 6 ਫਰਵਰੀ (ਪੋਸਟ ਬਿਊਰੋ)- ਪੁਰਾਣੀ ਦੁਸ਼ਮਣੀ ਕਾਰਨ ਸ਼ਾਸ਼ਤਰੀ ਮਾਰਕੀਟ ਚੌਕ ਦੇ ਕੋਲ ਸੇਹਰਾ ਫੀਲਡ ਕੰਪਨੀ ਦੇ ਆਫਿਸ ਵਿੱਚ ਵੜ ਕੇ ਛੇ ਬਦਮਾਸ਼ਾਂ ਨੇ ਕਾਰੋਬਾਰੀ ਦੇ ਬੇਟੇ ਦੀ ਤੇਜ਼ਧਾਰ ਹਥਿਆਰਾਂ ਨਾਲ ਹੱਤਿਆ ਕਰ ਦਿੱਤੀ। ਇਸ ਹਮਲੇ ਵਿੱਚ ਦੂਸਰਾ ਬੇਟਾ ਗੰਭੀਰ ਰੂਪ ਨਾਲ ਜ਼ਖਮੀ ਹੋ ਗਿਆ। ਹਮਲਾ ਕੱਲ੍ਹ ਸ਼ਾਮ ਕਰੀਬ ਪੌਣੇ ਸੱਤ ਵਜੇ ਹੋਇਆ। ਇਸ ਦੇ ਬਾਅਦ ਹਮਲਾਵਰ ਬਾਈਕਾਂ 'ਤੇ ਫਰਾਰ ਹੋ ਗਏ। ਡੀ ਸੀ ਪੀ ਗੁਰਮੀਤ ਸਿੰਘ ਤੇ ਸਿਟੀ ਏ ਡੀ ਸੀ ਪੀ ਪਰਮਿੰਦਰ ਸਿੰਘ ਭੰਡਾਲ ਦਾ ਕਹਿਣਾ ਹੈ ਕਿ ਮਾਮਲੇ ਦੀ ਜਾਂਚ ਕੀਤੀ ਜਾ ਰਹੀ ਹੈ।

ਸਿਵਲ ਹਸਪਤਾਲ ਵਿੱਚ ਮੌਕੇ 'ਤੇ ਮੌਜੂਦ ਚਸ਼ਮਦੀਦ ਗਵਾਹ ਪ੍ਰਦੀਪ ਸਿੰਘ ਨੇ ਦੱਸਿਆ ਕਿ ਉਹ ਡਰਾਈਵਰ ਹੈ ਅਤੇ ਖੇਤੀ ਯੰਤਰ ਬਣਾਉਣ ਵਾਲੀ ਸੇਹਰਾ ਫੀਲਡ ਕੰਪਨੀ ਦਾ ਸਾਮਾਨ ਲੈ ਕੇ ਜਾਂਦਾ ਹੈ। ਕੱਲ੍ਹ ਸ਼ਾਮ ਕੰਪਨੀ ਦੇ ਮਾਲਕ ਰਵਿੰਦਰ ਸੇਹਰਾ ਦੇ ਦੋਵੇਂ ਬੇਟੇ ਕਮਲਪ੍ਰੀਤ ਸਿੰਘ ਉਰਫ ਬੱਬੂ ਅਤੇ ਦਵਿੰਦਰ ਸਿੰਘ ਉਰਫ ਰਿੰਕੂ ਦੁਕਾਨ ਵਿੱਚ ਬੈਠੇ ਸਨ। ਅਚਾਨਕ ਛੇ ਹਮਲਾਵਰ ਦੁਕਾਨ ਵਿੱਚ ਆਏ। ਉਨ੍ਹਾਂ ਦੇ ਹੱਥਾਂ ਵਿੱਚ ਤੇਜ਼ਧਾਰ ਹਥਿਆਰ ਅਤੇ ਰਿਵਾਲਵਰ ਸਨ। ਪ੍ਰਦੀਪ ਨੇ ਦੱਸਿਆ ਕਿ ਉਨ੍ਹਾਂ ਨੇ ਮੈਨੂੰ ਇਹ ਕਹਿ ਕੇ ਇਕ ਪਾਸੇ ਕਰ ਦਿੱਤਾ ਕਿ ਤੇਰੇ ਨਾਲ ਸਾਡੀ ਦੁਸ਼ਮਣੀ ਨਹੀਂ। ਇਸ ਦੇ ਬਾਅਦ ਉਨ੍ਹਾਂ ਨੇ ਦੋਵਾਂ ਭਰਾਵਾਂ 'ਤੇ ਤੇਜ਼ਧਾਰ ਹਥਿਆਰਾਂ ਨਾਲ ਹਮਲਾ ਕਰ ਦਿੱਤਾ। ਕਮਲਪ੍ਰੀਤ ਹਮਲਾਵਰਾਂ ਨਾਲ ਉਲਝਿਆ ਤਾਂ ਹਮਲਾਵਰਾਂ ਨੇ ਅੱਠ ਗੋਲੀਆਂ ਚਲਾਈਆਂ। ਇਕ ਗੋਲੀ ਉਸ ਦੇ ਪੱਟ ਵਿੱਚ ਲੱਗੀ। ਹਮਲਾਵਰਾਂ ਨੇ ਦਵਿੰਦਰ ਦੇ ਸਿਰ ਉਤੇ ਦਾਤਰ ਨਾਲ ਵਾਰ ਕੀਤੇ। ਉਸ ਦੇ ਡਿੱਗਦੇ ਸਾਰ ਹਮਲਾਵਰ ਬਾਈਕਾਂ 'ਤੇ ਸਵਾਰ ਹੋ ਕੇ ਨਿਕਲ ਗਏ। ਸੂਚਨਾ ਮਿਲਣ 'ਤੇ ਪੁਲਸ ਮੌਕੇ 'ਤੇ ਪਹੁੰਚੀ। ਦੋਵਾਂ ਜ਼ਖਮੀਆਂ ਨੂੰ ਸਿਵਲ ਹਸਪਤਾਲ ਲਿਆਂਦਾ ਗਿਆ, ਜਿਥੇ ਦਵਿੰਦਰ ਨੂੰ ਮ੍ਰਿਤਕ ਐਲਾਨ ਕਰ ਦਿੱਤਾ ਗਿਆ। ਹਸਪਤਾਲ ਵਿੱਚ ਕਮਲਪ੍ਰੀਤ ਸਿੰਘ ਨੇ ਕਿਹਾ ਕਿ ਉਨ੍ਹਾਂ ਉਤੇ ਹਮਲਾ ਉਨ੍ਹਾਂ ਦੇ ਗੁਆਂਢੀ ਗੋਪੀ ਬਾਜਵਾ ਨੇ ਆਪਣੇ ਸਾਥੀਆਂ ਨਾਲ ਕੀਤਾ ਹੈ। ਬੱਚਿਆਂ ਦੇ ਝਗੜੇ ਦੇ ਬਾਅਦ ਉਨ੍ਹਾਂ ਦੀ ਬਾਜਵਾ ਪਰਵਾਰ ਨਾਲ 12 ਸਾਲ ਤੋਂ ਰੰਜਿਸ਼ ਚੱਲਦੀ ਹੈ। ਹਮਲਾਵਰਾਂ ਵਿੱਚ ਗੋਪੀ ਬਾਜਵਾ, ਜੱਗੀ ਚਿੰਦੀ, ਸੋਹਲ, ਗੌਰਵ ਅਤੇ ਸੁਖਮੀਤ ਸਿੰਘ ਸ਼ਾਮਲ ਸਨ।

## ਪਹਿਲੀ ਕਮਾਂਡੋ ਬਟਾਲੀਅਨ ਦੇ ਐੱਸ ਓ ਜੀ 'ਚ ਰਲੇਵੇਂ ਨੂੰ ਹਰੀ ਝੰਡੀ

ਚੰਡੀਗੜ੍ਹ, 6 ਫਰਵਰੀ (ਪੋਸਟ ਬਿਊਰੋ)- ਅਗਲੇ ਸਮੇਂ ਵਿੱਚ ਖਾੜਕੂਵਾਦ ਦੀ ਚੁਣੌਤੀ ਦਾ ਟਾਕਰਾ ਕਰਨ ਲਈ ਪੰਜਾਬ ਦੀਆਂ ਤਿਆਰੀਆਂ ਨੂੰ ਮਜ਼ਬੂਤ ਕਰਨ ਵਾਸਤੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਪਹਿਲੀ ਕਮਾਂਡੋ ਬਟਾਲੀਅਨ ਦੇ ਸਪੈਸ਼ਲ ਆਪਰੇਸ਼ਨ ਗਰੁੱਪ (ਐੱਸ ਓ ਜੀ) ਵਿੱਚ ਰਲੇਵੇਂ ਨੂੰ ਸਿਧਾਂਤਕ ਪ੍ਰਵਾਨਗੀ ਦੇ ਦਿੱਤੀ ਹੈ। ਇਸ ਦੇ ਵਾਸਤੇ ਐੱਸ ਓ ਜੀ ਲਈ ਵਾਧੂ 16.54 ਕਰੋੜ ਰੁਪਏ ਰੱਖੇ ਗਏ ਹਨ, ਜਿਨ੍ਹਾਂ ਦੀ ਵਰਤੋਂ ਹਥਿਆਰਾਂ ਦੇ ਆਧੁਨਿਕੀਕਰਨ ਅਤੇ ਇਨ੍ਹਾਂ ਦਾ ਪੱਧਰ ਉਚਾ ਚੁੱਕਣ ਤੋਂ ਇਲਾਵਾ ਵਿਸ਼ੇਸ਼ ਮਹਾਰਤ ਵਾਲੀ ਫੋਰਸ ਨੂੰ ਉਤਸ਼ਾਹਤ ਕਰਨ ਲਈ ਕੀਤੀ ਜਾਵੇਗੀ।

ਮਿਲੀ ਜਾਣਕਾਰੀ ਅਨੁਸਾਰ ਕੈਪਟਨ ਅਮਰਿੰਦਰ ਸਿੰਘ ਨੇ ਕਮਾਂਡੋਜ਼ ਨੂੰ ਜ਼ੋਖਮ ਭੱਤਾ ਦੇਣ ਦਾ ਪ੍ਰਸਤਾਵ ਵੀ ਪ੍ਰਵਾਨ ਕਰ ਲਿਆ ਹੈ, ਜੋ ਮੁੱਢਲੀ ਤਨਖਾਹ ਦੀ ਚਾਲੀ ਫੀਸਦੀ ਨਾਲ ਦਿੱਤਾ ਜਾਵੇਗਾ। ਇਸ ਨਾਲ ਸਰਕਾਰੀ ਖਜ਼ਾਨੇ 'ਤੇ 5.15 ਕਰੋੜ ਰੁਪਏ ਦਾ ਬੋਝ ਪਵੇਗਾ। ਸਾਜ਼ੋ ਸਾਮਾਨ, ਹਥਿਆਰਾਂ, ਸੰਚਾਰ ਪ੍ਰਣਾਲੀ ਤੇ ਬੁਨਿਆਦੀ ਢਾਂਚੇ ਦੇ ਨਿਰਮਾਣ 'ਤੇ ਖਰਚ ਪੜਾਅ ਵਾਰ ਤਰੀਕੇ ਨਾਲ ਕੀਤਾ ਜਾਵੇਗਾ। ਇਸ ਵਾਸਤੇ ਪਹਿਲੇ ਸਾਲ 8.66 ਕਰੋੜ ਰੁਪਏ ਖਰਚੇ ਜਾਣਗੇ। ਮੁੱਖ ਮੰਤਰੀ ਨੇ ਇਹ ਐਲਾਨ ਖਾੜਕੂਵਾਦ ਨਾਲ ਨਿਪਟਣ ਲਈ ਪੁਲਸ ਦੀਆਂ ਤਿਆਰੀਆਂ ਬਾਰੇ ਉਚ ਪੱਧਰੀ ਜਾਇਜ਼ਾ ਮੀਟਿੰਗ ਦੌਰਾਨ ਕੀਤਾ। ਇੱਕ ਸਰਕਾਰੀ ਬੁਲਾਰੇ ਅਨੁਸਾਰ ਇਨ੍ਹਾਂ ਫੈਸਲਿਆਂ ਬਾਰੇ ਮਤਾ ਮੰਤਰੀ ਮੰਡਲ ਅੱਗੇ ਰੱਖਿਆ ਜਾਵੇਗਾ।

We Provide services:
• Corporation Registration
• Corporation Tax Returns
• Personal Tax Retruns
• Accounting • Book - Keeping
• H.S.T • WSIB • T4 • E-File
• Assistance in Audit with CRA

CPA CHARTERED PROFESSIONAL ACCOUNTANTS
Kamaljeet Singh Saini CPA, CGA
Chartered Professional Accountants
Off: 905-799-6292
Email: kamalgirn@gmail.com



7956 Torbram Rd, Unit #209, Brampton, ON L6T 5A2 Fax: 905-291-0741

A/Z Drivers Needed/ਡਰਾਈਵਰਾਂ ਦੀ ਲੋੜ



- Team Drivers Needed Immediately
- Dedicated AutoPart Runs To Texas, Missouri, Kansas
- Permanent Schedule for whole year
- Always Go to same Shippers No Waiting at All
- Highest Pay Rate Package Plus HST
- New Model Volvo Trucks
- Paid Every Week On Friday
- 20,000 to 24,00 Miles in a Month
- Always Home At Weekends
- Can Work From Brampton, Woodstock or London

- Autoparts ਦੇ ਡੇਡੀਕੇਟਡ ਰਨ ਵਾਸਤੇ ਟੀਮ ਡਰਾਈਵਰਾਂ ਦੀ ਲੋੜ ਹੈ
- Texas, Missouri ਅਤੇ Kansas ਡੈਡੀਕੇਟਡ ਰਨ ਲਈ ਲੋੜ ਹੈ
- 2018 ਦੇ ਵੋਲਵੋ ਬਰੈਂਡ ਨੀਊ ਟਰੱਕ, ਵੀਕਐਂਡ ਹਮੇਸ਼ਾ ਘਰ
- ਹਰ ਮਹੀਨੇ 20,000 ਤੋਂ 24,000 miles ਅਤੇ Pay Every Week

"ਨਵੇਂ ਡਰਾਈਵਰ ਵੀ ਅਪਲਾਈ ਕਰ ਸਕਦੇ ਹਨ"

New Drivers Are Also Welcome, We Give Paid Training With Full Time Job
For Further Information Contact: 6476253344





# ਕਰਤਾਰਪੁਰ ਲਾਂਘੇ ਬਾਰੇ ਸਮਝੌਤੇ ਦਾ ਖਰੜਾ ਪਾਕਿ ਨੂੰ ਜਲਦੀ ਭੇਜ ਦਿੱਤਾ ਜਾਵੇਗਾ

ਨਵੀਂ ਦਿੱਲੀ, 6 ਫਰਵਰੀ (ਪੋਸਟ ਬਿਊਰੋ)- ਗੁਰਦੁਆਰਾ ਕਰਤਾਰਪੁਰ ਸਾਹਿਬ ਵਾਸਤੇ ਕੋਰੀਡੋਰ ਖੋਲ੍ਹਣ ਦੇ ਸਮਝੌਤੇ ਦਾ ਖਰੜਾ ਅੰਤਿਮ ਰੂਪ ਦੇਣ ਲਈ ਜਲਦੀ ਪਾਕਿਸਤਾਨ ਨੂੰ ਭੇਜਿਆ ਜਾਣ ਵਾਲਾ ਹੈ।

ਇਸ ਸੰਬੰਧ ਵਿੱਚ ਕਰਤਾਰਪੁਰ ਕੋਰੀਡੋਰ ਪ੍ਰੋਜੈਕਟ ਵਿੱਚ ਤੇਜ਼ੀ ਲਿਆਉਣ ਉੱਤੇ ਵਿਚਾਰ ਲਈ ਕੱਲ੍ਹ ਇਕ ਉਚ ਪੱਧਰੀ ਬੈਠਕ ਹੋਈ ਸੀ। ਕੇਂਦਰੀ ਗ੍ਰਹਿ ਸੈਕਟਰੀ ਰਾਜੀਵ ਗੌਬਾ ਦੀ ਪ੍ਰਧਾਨਗੀ ਹੇਠ ਹੋਈ ਇਸ ਬੈਠਕ 'ਚ ਪਾਕਿਸਤਾਨ 'ਚ ਭਾਰਤੀ ਉਚ ਕਮਿਸ਼ਨਰ ਅਜੈ ਬਿਸਾਰਿਆ, ਪੰਜਾਬ ਦੇ ਚੀਫ ਸੈਕਟਰੀ ਕਰਨ ਅਵਤਾਰ ਸਿੰਘ ਅਤੇ ਹੋਰ ਅਧਿਕਾਰੀ ਹਾਜ਼ਰ ਸਨ। ਇਕ ਘੰਟੇ ਚੱਲੀ ਬੈਠਕ ਪਿੱਛੋਂ ਪੰਜਾਬ ਦੇ ਚੀਫ ਸੈਕਟਰੀ ਕਰਨ ਅਵਤਾਰ ਸਿੰਘ ਨੇ ਪੱਤਰਕਾਰਾਂ ਨੂੰ ਦੱਸਿਆ,



'ਕਰਤਾਰਪੁਰ ਸਾਹਿਬ ਕੋਰੀਡੋਰ ਉਤੇ ਸਮਝੌਤੇ ਦਾ ਖਰੜਾ ਦਸਤਖਤਾਂ ਲਈ ਇਕ ਮਹੀਨੇ ਅੰਦਰ ਪਾਕਿ-ਸਤਾਨ ਨੂੰ ਭੇਜਿਆ ਜਾਵੇਗਾ। ਸਾਨੂੰ ਆਸ ਹੈ ਕਿ ਜਲਦੀ ਹੀ ਤੌਰ ਤਰੀਕੇ ਨੂੰ ਅੰਤਿਮ ਰੂਪ ਦੇ ਦਿੱਤਾ ਜਾਵੇਗਾ।' ਇਸ ਬੈਠਕ 'ਚ ਇੰਟੀਗ੍ਰੇਟੇਡ ਚੈਕ ਪੋਸਟ ਅਤੇ ਹਾਈਵੇ ਲਈ ਜ਼ਮੀਨ ਐਕਵਾਇਰ ਬਾਰੇ ਵੀ ਚਰਚਾ ਹੋਈ ਹੈ। ਦੱਸਿਆ ਗਿਆ ਕਿ ਹਾਈਵੇ ਲਈ ਜ਼ਮੀਨ ਐਕਵਾਇਰ ਦਾ ਮੁੱਢਲਾ ਨੋਟੀਫਿਕੇਸ਼ਨ ਪਹਿਲਾਂ ਜਾਰੀ ਕੀਤਾ ਜਾ ਚੁੱਕਾ ਹੈ। ਇਨ੍ਹਾਂ ਅਧਿਕਾਰੀਆਂ ਮੁਤਾਬਕ ਇੰਟੀਗ੍ਰੇਟਿਡ ਚੈਕ ਪੋਸਟ ਦੀ ਵਿਸਥਾਰ ਯੋਜਨਾ ਨੂੰ ਅਗਲੇ ਕੁਝ ਦਿਨਾਂ 'ਚ ਆਖਰੀ ਰੂਪ ਦਿੱਤੇ ਜਾਣ ਦੀ ਸੰਭਾਵਨਾ ਹੈ।

# ਵਿਦੇਸ਼ਾਂ ਵਿਚਲੇ ਭਾਰਤੀਆਂ ਦੀ ਮਦਦ ਲਈ ਪਟੀਸ਼ਨ ਕੋਰਟ ਵਲੋਂ ਰੱਦ

ਨਵੀਂ ਦਿੱਲੀ, 6 ਫਰਵਰੀ (ਪੋਸਟ ਬਿਊਰੋ)- ਵਿਦੇਸ਼ ਵਿੱਚ ਰਹਿੰਦੇ ਭਾਰਤੀਆਂ ਨੂੰ ਮੁਫ਼ਤ ਕਾਨੂੰਨੀ ਮਦਦ ਦਿਵਾਉਣ ਲਈ ਦਾਇਰ ਪਟੀਸ਼ਨ ਉੱਤੇ ਵਿਚਾਰ ਕਰਨ ਤੋਂ ਦਿੱਲੀ ਹਾਈ ਕੋਰਟ ਨੇ ਇਨਕਾਰ ਕਰ ਦਿੱਤਾ ਹੈ। ਕੋਰਟ ਨੇ ਕਿਹਾ ਕਿ ਦੂਸਰੇ ਦੇਸ਼ਾਂ ਦੇ ਇਸ ਬਾਰੇ ਆਪੋ-ਆਪਣੇ ਕਾਨੂੰਨ ਹੋਣਗੇ, ਇੱਥੋਂ ਦੀ ਅਦਾਲਤ ਉਸ ਵਿੱਚ ਦਖਲ ਨਹੀਂ ਦੇ ਸਕਦੀ।

ਇਕ ਗੈਰ ਸਰਕਾਰੀ ਸੰਸਥਾ (ਐੱਨ ਜੀ ਓ) ਨੇ ਪਟੀਸ਼ਨ ਦਾਇਰ ਕਰ ਕੇ ਅਦਾਲਤ ਤੋਂ ਹੋਰ ਦੇਸ਼ਾਂ ਵਿੱਚ ਰਹਿ ਰਹੇ ਭਾਰਤੀਆਂ ਨੂੰ ਮੁਫ਼ਤ ਕਾਨੂੰਨੀ ਮਦਦ ਹਾਸਲ ਕਰਾਉਣ ਲਈ ਕੇਂਦਰ ਨੂੰ ਨੀਤੀ ਬਣਾਉਣ ਦਾ ਹੁਕਮ ਦੇਣ ਦੀ ਅਪੀਲ ਕੀਤੀ ਸੀ। ਚੀਫ ਜਸਟਿਸ ਰਾਜੇਂਦਰ ਮੈਨਨ ਅਤੇ ਜਸਟਿਸ ਵੀ ਕੇ ਰਾਓ ਦੀ ਬੈਂਚ ਨੇ ਕਿਹਾ, 'ਇਸ ਨੂੰ ਕਿਵੇਂ ਸਵੀਕਾਰ



ਕੀਤਾ ਜਾ ਸਕਦਾ ਹੈ? ਹੋਰ ਦੇਸ਼ਾਂ ਦੇ ਆਪਣੇ ਕਾਨੂੰਨ ਹੋਣਗੇ। ਅਸੀਂ ਜੋ ਕਹਾਂਗੇ, ਉਹ ਓਥੋਂ ਦੀਆਂ ਅਦਾਲਤਾਂ ਉੱਤੇ ਲਾਗੂ ਨਹੀਂ ਹੋ ਸਕੇਗਾ। ਬੈਂਚ ਨੇ ਐੱਨ ਜੀ ਓ ਨੂੰ ਪਟੀਸ਼ਨ ਵਾਪਸ ਲੈਣ ਨੂੰ ਕਿਹਾ। ਇਸ ਮੌਕੇ ਕੇਂਦਰ ਸਰਕਾਰ ਦੇ ਐਡੀਸ਼ਨਲ ਸੋਲਿਸਿਟਰ ਜਨਰਲ (ਏ ਐੱਸ ਜੀ) ਮਨਿੰਦਰ ਆਚਾਰੀਆ ਨੇ ਕੋਰਟ ਨੂੰ ਦੱਸਿਆ ਕਿ ਇਕ ਨੀਤੀ ਹੈ, ਜਿਸ ਹੇਠ ਵਿਦੇਸ਼ ਵਿੱਚ ਰਹਿੰਦੇ ਜਾਂ ਕੰਮ ਕਰਦੇ ਭਾਰਤੀ ਨਾਗਰਿਕਾਂ ਨੂੰ ਸਰਕਾਰ ਕੁਝ ਮਦਦ ਮਿਲ ਸਕਦੀ ਹੈ। ਏ ਐੱਸ ਜੀ ਨੇ ਇਹ ਨਹੀਂ ਦੱਸਿਆ ਕਿ ਸਰਕਾਰ ਕਿੱਦਾਂ ਦੀ ਮਦਦ ਦੇਂਦੀ ਹੈ। ਵਕੀਲ ਜੋਸ ਅਬਰਾਹਿਮ ਰਾਹੀਂ ਦਾਇਰ ਕੀਤੀ ਗਈ ਪਟੀਸ਼ਨ ਵਿੱਚ ਕਿਹਾ ਗਿਆ ਹੈ ਕਿ ਵਿਦੇਸ਼ ਵਿੱਚ ਘੱਟ ਹੁਨਰਮੰਦ ਕਾਮਿਆਂ ਨੂੰ ਉਸ ਦੇਸ਼ ਦੇ ਕਾਨੂੰਨ ਦੀ ਜਾਣਕਾਰੀ ਨਹੀਂ ਹੁੰਦੀ, ਜਿਸ ਕਾਰਨ ਉਨ੍ਹਾਂ ਦੇ ਮੁੱਢਲੇ ਅਧਿਕਾਰਾਂ ਦੀ ਉਲੰਘਣਾ ਹੁੰਦੀ ਹੈ। ਐੱਨ ਜੀ ਓ ਨੇ ਆਪਣੀ ਅਰਜ਼ੀ ਵਿੱਚ ਕਿਹਾ ਕਿ ਕੇਂਦਰੀ ਵਿਦੇਸ਼ ਰਾਜ ਮੰਤਰੀ ਨੇ ਲੋਕ ਸਭਾ ਵਿੱਚ ਇਕ ਸਵਾਲ ਦੇ ਜਵਾਬ ਵਿੱਚ ਕਿਹਾ ਸੀ ਕਿ ਕਰੀਬ 7,850 ਭਾਰਤੀ ਵਿਦੇਸ਼ੀ ਜੇਲਾਂ ਵਿੱਚ ਬੰਦ ਹਨ, ਜਿਨ੍ਹਾਂ ਵਿੱਚੋਂ 2 ਹਜ਼ਾਰ ਤੋਂ ਵਧ ਸਾਊਦੀ ਅਰਬ ਦੀ ਜੇਲ ਵਿੱਚ ਹਨ। ਐੱਨ ਜੀ ਓ ਨੇ ਕਿਹਾ ਕਿ ਸੰਵਿਧਾਨ ਦੀ ਧਾਰਾ 39ਏ ਅਧੀਨ ਸਰਕਾਰ ਦਾ ਇਹ ਫਰਜ਼ ਹੈ ਕਿ ਉਹ ਆਪਣੇ ਉਨ੍ਹਾਂ ਨਾਗਰਿਕਾਂ ਨੂੰ ਮੁਫ਼ਤ ਕਾਨੂੰਨੀ ਮਦਦ ਦੇਵੇ, ਜੋ ਵਿਦੇਸ਼ ਵਿੱਚ ਆਰਥਿਕ ਤੰਗੀ ਅਤੇ ਹੋਰ ਅਯੋਗਤਾ ਕਾਰਨ ਇਨਸਾਫ਼ ਨਹੀਂ ਪਾ ਸਕਦੇ।

# ਰੂਪਨਗਰ ਵਿੱਚ ਨਾਜਾਇਜ਼ ਮਾਈਨਿੰਗ ਉੱਤੇ ਰੋਕ ਲਈ ਐਨ ਜੀ ਟੀ ਵੱਲੋਂ ਸਖਤ ਹੁਕਮ

ਨਵੀਂ ਦਿੱਲੀ, 6 ਫਰਵਰੀ (ਪੋਸਟ ਬਿਊਰੋ)- ਨੈਸ਼ਨਲ ਗ੍ਰੀਨ ਟ੍ਰਿਬਿਊਨਲ (ਐਨ ਜੀ ਟੀ) ਨੇ ਜ਼ਿਲਾ ਰੂਪਨਗਰ ਵਿੱਚ ਰੇਤੇ ਦੇ ਗੈਰਕਾਨੂੰਨੀ ਮਾਈਨਿੰਗ ਉੱਤੇ ਰੋਕ ਲਾਉਣ ਦੇ ਨਿਰਦੇਸ਼ ਦੇਣ ਦੇ ਨਾਲ ਪੰਜਾਬ ਸਰਕਾਰ ਨੂੰ ਤਿੰਨ ਮਹੀਨਿਆਂ ਦੇ ਅੰਦਰ ਜ਼ਿੰਮੇਵਾਰ ਅਧਿਕਾਰੀਆਂ ਦੇ ਖਿਲਾਫ ਕਾਰਵਾਈ ਕਰਨ ਲਈ ਕਿਹਾ ਹੈ।

ਇਸ ਸੰਬੰਧ ਵਿੱਚ ਐਨ ਜੀ ਟੀ ਦੇ ਚੇਅਰਪਰਸਨ ਜਸਟਿਸ ਆਦਰਸ਼ ਕੁਮਾਰ ਗੋਇਲ ਨੇ ਬੇਰੋਕ ਮਾਈਨਿੰਗ 'ਤੇ ਚਿੰਤਾ ਜ਼ਾਹਰ ਕਰਦਿਆਂ ਪੰਜਾਬ ਦੇ ਚੀਫ ਸੈਕਟਰੀ ਨੂੰ ਸੱਤ ਮਾਰਚ ਨੂੰ ਟ੍ਰਿਬਿਊਨਲ ਅੱਗੇ ਪੇਸ਼ ਹੋਣ ਲਈ ਕਿਹਾ ਹੈ। ਚੀਫ ਸੈਕਟਰੀ ਨੂੰ ਇਸ ਮੁੱਦੇ ਉੱਤੇ ਟ੍ਰਿਬਿਊਨਲ ਵੱਲੋਂ ਕੀਤੇ ਗਏ ਹੁਕਮਾਂ ਦੀ ਪਾਲਣਾ ਬਾਰੇ ਰਿਪੋਰਟ ਵੀ ਨਾਲ ਲਿਆਉਣ ਲਈ ਕਿਹਾ ਗਿਆ ਹੈ। ਟ੍ਰਿਬਿਊਨਲ ਨੇ ਇਹ ਹੁਕਮ ਕੇਂਦਰੀ ਪ੍ਰਦੂਸ਼ਣ ਕੰਟਰੋਲ ਬੋਰਡ, ਮਾਈਨਿੰਗ ਡਾਇਰੈਕਟਰ ਅਤੇ ਰਾਜ ਪ੍ਰਦੂਸ਼ਣ ਕੰਟਰੋਲ ਬੋਰਡ ਦੀ ਸਾਂਝੀ ਕਮੇਟੀ ਵੱਲੋਂ ਪੇਸ਼ ਹੋਈ ਰਿਪੋਰਟ ਨੂੰ ਵੇਖਣ ਮਗਰੋਂ ਜਾਰੀ ਕੀਤੇ ਹਨ। ਇਹ ਕਮੇਟੀ ਪਿਛਲੇ ਸਾਲ 20 ਅਕਤੂਬਰ ਨੂੰ ਵਕੀਲ ਦਿਨੇਸ਼ ਕੁਮਾਰ ਚੱਢਾ ਵੱਲੋਂ ਐਨ ਜੀ ਟੀ ਵਿੱਚ ਕੀਤੀ ਪਟੀਸ਼ਨ ਦੇ ਅਧਾਰ ਉੱਤੇ ਬਣਾਈ ਗਈ ਸੀ। ਐਨ ਜੀ ਟੀ ਨੇ ਪੰਜਾਬ ਸਰਕਾਰ ਨੂੰ ਹਦਾਇਤ ਕੀਤੀ ਹੈ ਕਿ ਉਹ ਰੂਪਨਗਰ ਦੇ ਹਰਸ਼ਾਬੇਲਾ, ਸਵਾੜਾ ਅਤੇ ਬਹੇੜਾ ਪਿੰਡਾਂ ਵਿੱਚ ਹੁੰਦੀ ਨਾਜਾਇਜ਼ ਮਾਈਨਿੰਗ ਨੂੰ ਰੋਕਣ ਤੋਂ ਇਲਾਵਾ ਰੇਤਾ ਦੀ ਢੋਆ ਢੁਆਈ 'ਤੇ ਲਗਾਮ ਕੱਸੇ। ਟ੍ਰਿਬਿਊਨਲ ਨੇ ਉਲੰਘਣਾਵਾਂ ਕਰਨ ਵਾਲਿਆਂ ਤੋਂ ਮੁਆਵਜ਼ਾ ਉਗਰਾਹੁਣ ਤੇ ਮਾਈਨਿੰਗ ਲਈ ਵਰਤੇ ਜਾਂਦੇ ਵਾਹਨਾਂ ਖਿਲਾਫ ਕਾਰਵਾਈ ਦੇ ਹੁਕਮ ਵੀ ਕੀਤੇ ਹਨ।

# ਕਾਨਪੁਰ ਵਾਲੇ ਸਿੱਖ ਵਿਰੋਧੀ ਕਤਲੇਆਮ ਦੀ ਜਾਂਚ ਲਈ ਐਸ ਆਈ ਟੀ ਬਣੀ

ਲਖਨਊ, 6 ਫਰਵਰੀ (ਪੋਸਟ ਬਿਊਰੋ)- ਸਾਲ 1984 'ਚ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦੇ ਕਤਲ ਤੋਂ ਬਾਅਦ ਕਾਨਪੁਰ 'ਚ ਭੜਕੇ ਸਿੱਖ ਵਿਰੋਧੀ ਦੰਗਿਆਂ ਦੀ ਜਾਂਚ ਲਈ ਉਤਰ ਪ੍ਰਦੇਸ਼ ਸਰਕਾਰ ਨੇ ਵਿਸ਼ੇਸ਼ ਜਾਂਚ ਦਲ (ਐਸ ਆਈ ਟੀ) ਦਾ ਗਠਨ ਕੀਤਾ ਹੈ। ਇਸ ਬਾਰੇ ਅਧਿਕਾਰਕ ਬਿਆਨ 'ਚ ਦੱਸਿਆ ਗਿਆ ਹੈ ਕਿ ਚਾਰ ਮੈਂਬਰੀ ਐਸ ਆਈ ਟੀ ਦੀ ਅਗਵਾਈ ਉਤਰ ਪ੍ਰਦੇਸ਼ ਦੇ ਸਾਬਕਾ ਪੁਲਸ ਮੁਖੀ (ਰਿਟਾ. ਡੀ ਜੀ ਪੀ) ਅਤੁਲ ਕਰਨਗੇ। ਉਨ੍ਹਾਂ ਨੂੰ ਛੇ ਮਹੀਨਿਆਂ ਦੇ ਅੰਦਰ ਆਪਣੀ ਰਿਪੋਰਟ ਪੇਸ਼ ਕਰ ਦੇਣ ਲਈ ਕਿਹਾ ਗਿਆ ਹੈ। ਇਸ ਐਸ ਆਈ ਟੀ ਦੇ ਹੋਰ ਮੈਂਬਰਾਂ 'ਚ ਸਾਬਕਾ ਜ਼ਿਲਾ ਜੱਜ ਸੁਭਾਸ਼ ਚੰਦਰ ਅਗਰਵਾਲ, ਸਾਬਕਾ ਐਡੀਸ਼ਨਲ ਡਾਇਰੈਕਟਰ (ਸਰਕਾਰੀ ਵਕੀਲ) ਯੋਗੇਸ਼ਵਰ ਕ੍ਰਿਸ਼ਨਾ ਸ੍ਰੀਵਾਸਤਵ ਤੋਂ ਇਲਾਵਾ ਮੌਜੂਦਾ ਕਾਨਪੁਰ ਐਸ ਐਸ ਪੀ ਨੂੰ ਸ਼ਾਮਲ ਕੀਤਾ ਗਿਆ ਹੈ।

ਵਰਨਣ ਯੋਗ ਹੈ ਕਿ ਸਾਲ 1984 ਵਿੱਚ ਓਦੋਂ ਦੀ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦੇ ਕਤਲ ਤੋਂ ਬਾਅਦ ਭੜਕੇ ਸਿੱਖ ਵਿਰੋਧੀ ਦੰਗਿਆਂ ਵਿੱਚ ਕਰੀਬ 125 ਲੋਕ ਮਾਰੇ ਗਏ ਸਨ। ਅਗਸਤ 2017 'ਚ ਸੁਪਰੀਮ ਕੋਰਟ ਨੇ ਦੰਗਿਆਂ ਦੀ ਜਾਂਚ ਲਈ ਇਕ ਐਸ ਆਈ ਟੀ ਬਣਾਉਣ ਦੀ ਮੰਗ ਕਰਦੀ ਪਟੀਸ਼ਨ ਉੱਤੇ ਰਾਜ ਸਰਕਾਰ ਨੂੰ ਨੋਟਿਸ ਜਾਰੀ ਕੀਤਾ ਸੀ। ਇਸ ਬਿਆਨ ਅਨੁਸਾਰ ਐਸ ਆਈ ਟੀ ਉਨ੍ਹਾਂ ਦੰਗਿਆਂ ਬਾਰੇ ਦਰਜ ਉਨ੍ਹਾਂ ਸਾਰੇ ਕੇਸ ਦੀ ਜਾਂਚ ਕਰੇਗੀ, ਜਿਸ 'ਚ ਅੰਤਿਮ ਰਿਪੋਰਟ ਲਾ ਦਿੱਤੀ ਗਈ ਸੀ। ਇਸ 'ਚ ਜੇ ਦੋਸ਼ਾਂ ਵਾਲੇ ਕੇਸਾਂ 'ਚ ਫਾਈਨਲ ਰਿਪੋਰਟ ਲੱਗੀ ਹੋਵੇ ਤਾਂ ਜਾਂਚ ਪਹਿਲ ਦੇ ਆਧਾਰ 'ਤੇ ਹੋਵੇਗੀ ਤੇ ਜੇ ਜ਼ਰੂਰਤ ਪਈ ਤਾਂ ਐਸ ਆਈ ਟੀ ਅਜਿਹੇ ਕੇਸਾਂ ਦੀ ਫਿਰ ਪੜਤਾਲ ਸ਼ੁਰੂ ਕਰੇਗੀ।

# ਸੁਪਰੀਮ ਕੋਰਟ ਨੇ ਸਾਰੀਆਂ ਪੈਰਾ ਮਿਲਟਰੀ ਫੋਰਸਾਂ ਨੂੰ ਜਥੇਬੰਦ ਸਰਵਸਿਜ਼ ਵਜੋਂ ਮਾਨਤਾ ਦਿੱਤੀ

ਨਵੀਂ ਦਿੱਲੀ, 6 ਫਰਵਰੀ (ਪੋਸਟ ਬਿਊਰੋ)- ਇਕ ਇਤਿਹਾਸਕ ਫੈਸਲੇ ਵਿੱਚ ਸੁਪਰੀਮ ਕੋਰਟ ਨੇ ਕੱਲ੍ਹ ਭਾਰਤ ਦੀਆਂ ਸਭ ਪੈਰਾ ਮਿਲਟਰੀ ਫੋਰਸਾਂ: ਸੀ ਆਰ ਪੀ ਐਫ, ਬੀ ਐਸ ਐਫ, ਇੰਡੋ ਤਿੱਬਤੀਅਨ ਬਾਰਡਰ ਪੁਲਸ, ਸੀ ਆਈ ਐਸ ਐਫ, ਆਰ ਪੀ ਐਫ ਅਤੇ ਐਸ ਐਸ ਬੀ ਨੂੰ ਜਥੇਬੰਦ ਸਰਵਸਿਜ਼ ਦੀ ਮਾਨਤਾ ਦਿੰਦਿਆਂ ਕਿਹਾ ਕਿ ਇਸ ਦੇ ਨਾਲ ਇਨ੍ਹਾਂ ਫੋਰਸਾਂ ਵਿੱਚ ਤਰੱਕੀ ਵਿੱਚ ਆਉਂਦੀ ਖੜੋਤ ਖਤਮ ਹੋ ਜਾਵੇਗੀ ਅਤੇ ਇਕ ਰੈਂਕ ਦੇ ਅਧਿਕਾਰੀਆਂ ਨੂੰ ਤਰੱਕੀ ਅਤੇ ਸੇਵਾ ਨਾਲ ਸਬੰਧਤ ਦੂਸਰੇ ਲਾਭ ਨਿਸ਼ਚਿਤ ਰੂਪ ਵਿੱਚ ਮਿਲਣਗੇ। ਅਦਾਲਤ ਨੇ ਇਹ ਵੀ ਕਿਹਾ ਕਿ ਕੇਂਦਰੀ ਪੈਰਾ ਮਿਲਟਰੀ ਫੋਰਸਾਂ ਦੇ ਗਰੁੱਪ 'ਏ' ਦੇ ਅਧਿਕਾਰੀਆਂ ਨੂੰ ਛੇਵੇਂ ਤਨਖਾਹ



ਕਮਿਸ਼ਨ ਮੁਤਾਬਕ 2006 ਤੋਂ ਨਾਨ ਫੰਕਸ਼ਨਲ ਫਾਈਨੈਂਸ਼ਲ ਅਪਗਰੇਡੇਸ਼ਨ (ਐੱਨ ਐਫ ਏ) ਸਮੇਤ ਸਾਰੇ ਲਾਭ ਦਿੱਤੇ ਜਾਣੇ ਚਾਹੀਦੇ ਹਨ।

ਇਸ ਸੰਬੰਧ ਵਿੱਚ ਦਿੱਲੀ ਹਾਈ ਕੋਰਟ ਦੇ ਦੋਵੇਂ ਫੈਸਲਿਆਂ ਦੀ ਸੁਪਰੀਮ ਕੋਰਟ ਨੇ ਪੁਸ਼ਟੀ ਕਰ ਦਿੱਤੀ ਹੈ, ਜਿਸ ਨੇ ਸਾਰੀਆਂ ਕੇਂਦਰੀ ਪੈਰਾ ਮਿਲਟਰੀ ਫੋਰਸਾਂ ਨੂੰ 'ਜਥੇਬੰਦ ਸਰਵਿਸ' ਦਾ ਦਰਜਾ ਦਿੱਤਾ ਸੀ। ਐਨ ਐਫ ਐਫ ਹੇਠ ਜੇ ਕਿਸੇ ਖਾਸ ਬੈਚ ਦੇ ਸਾਰੇ ਅਧਿਕਾਰੀਆਂ ਨੂੰ ਅਸਾਮੀਆਂ ਦੀ ਘਾਟ ਕਾਰਨ ਤਰੱਕੀ ਨਹੀਂ ਮਿਲਦੀ ਤੇ ਕੇਵਲ ਇਕ ਅਧਿਕਾਰੀ ਨੂੰ ਮਿਲਦੀ ਹੈ ਤਾਂ ਦੂਸਰਿਆਂ ਨੂੰ ਤਰੱਕੀ ਵਾਲੇ ਅਧਿਕਾਰੀ ਜਿੰਨੇ ਸਾਰੇ ਵਿੱਤੀ ਲਾਭ ਮਿਲਦੇ ਹਨ। ਇਸ ਯੋਜਨਾ ਵਿੱਚ ਕੇਵਲ ਵਿੱਤੀ ਲਾਭ ਹੀ ਮਿਲਦਾ ਹੈ, ਤਰੱਕੀ ਨਹੀਂ। ਸੁਪਰੀਮ ਕੋਰਟ ਦੇ ਹੁਕਮ ਨਾਲ ਨੀਮ ਫੌਜੀ ਬਲਾਂ ਦੇ ਹਜ਼ਾਰਾਂ ਅਧਿਕਾਰੀਆਂ ਨੂੰ ਲਾਭ ਮਿਲੇਗਾ। ਜਸਟਿਸ ਆਰ ਐਫ ਨਾਰੀਮਨ ਅਤੇ ਜਸਟਿਸ ਐਮ ਆਰ ਸ਼ਾਹ ਦੇ ਬੈਂਚ ਨੇ ਪੈਰਾ ਮਿਲਟਰੀ ਫੋਰਸਾਂ ਨੂੰ ਸੰਗਠਿਤ ਸਰਵਿਸ ਵਜੋਂ ਮਾਨਤਾ ਦੇਣ ਦਾ ਦਿੱਲੀ ਹਾਈ ਕੋਰਟ ਦੇ ਚਾਰ ਦਸੰਬਰ 2012 ਦੇ ਫੈਸਲੇ ਦੀ ਪੁਸ਼ਟੀ ਕਰਦਿਆਂ ਕੇਂਦਰ ਵੱਲੋਂ ਹੁਕਮ ਖਿਲਾਫ ਦਾਇਰ ਸਾਰੀਆਂ ਅਪੀਲਾਂ ਖਾਰਜ ਕਰ ਦਿੱਤੀਆਂ ਹਨ।

# ਯੂ ਪੀ ਵਿਧਾਨ ਸਭਾ ਵਿੱਚ ਬਜਟ ਸੈਸ਼ਨ ਦੇ ਪਹਿਲੇ ਦਿਨ ਹੰਗਾਮਾ

ਲਖਨਊ, 6 ਫਰਵਰੀ (ਪੋਸਟ ਬਿਊਰੋ)- ਉਤਰ ਪ੍ਰਦੇਸ਼ ਵਿਧਾਨ ਸਭਾ ਦੇ ਬਜਟ ਸੈਸ਼ਨ ਵਿੱਚ ਪਹਿਲੇ ਦਿਨ ਖੂਬ ਹੰਗਾਮਾ ਹੋਇਆ ਅਤੇ ਭਾਸ਼ਣ ਦੌਰਾਨ ਵਿਰੋਧੀ ਧਿਰ ਵੱਲੋਂ ਗਵਰਨਰ ਰਾਮ ਨਾਇਕ ਨੂੰ ਨਿਸ਼ਾਨਾ ਬਣਾ ਕੇ ਕਾਗਜ਼ ਦੇ ਗੋਲੇ ਬਣਾ ਕੇ ਸੁੱਟੇ ਗਏ ਅਤੇ ਨਾਅਰੇਬਾਜ਼ੀ ਹੁੰਦੀ ਰਹੀ। ਹੰਗਾਮੇ ਅਤੇ ਧੱਕਾ-ਮੁੱਕੀ ਦੌਰਾਨ ਸਮਾਜਵਾਦੀ ਪਾਰਟੀ ਦੇ ਸੁਭਾਸ਼ ਪਾਸੀ ਬੇਹੋਸ਼ ਹੋ ਗਏ ਤਾਂ ਮਾਰਸ਼ਲ ਦੀ ਮਦਦ ਨਾਲ ਉਨ੍ਹਾਂ ਨੂੰ ਹਸਪਤਾਲ ਪਹੁੰਚਾਇਆ ਗਿਆ, ਪ੍ਰੰਤੂ ਨਾਅਰੇਬਾਜ਼ੀ ਅਤੇ ਕਾਗਜ਼ ਦੇ ਗੋਲੇ ਸੁੱਟਣ ਦਾ ਸਿਲਸਿਲਾ ਫਿਰ ਵੀ ਬੰਦ ਨਹੀਂ ਹੋਇਆ।

ਸਵੇਰੇ 11 ਵਜੇ ਗਵਰਨਰ ਰਾਮ ਨਾਇਕ ਵਿਧਾਨ ਸਭਾ ਦੇ ਸਪੀਕਰ ਹਿਰਦੇਨਾਰਾਇਣ ਦੀਕਸ਼ਿਤ ਅਤੇ ਵਿਧਾਨ ਪ੍ਰੀਸ਼ਦ ਦੇ ਚੇਅਰਪਰਸਨ ਰਮੇਸ਼ ਯਾਦਵ ਦੇ ਨਾਲ ਜਦੋਂ ਸਦਨ ਵਿੱਚ ਪਹੁੰਚੇ, ਉਸੇ ਵੇਲੇ ਹੀ ਵਿਰੋਧੀ ਧਿਰ ਨੇ 'ਗਵਰਨਰ ਗੋ ਬੈਕ' ਦੇ ਨਾਅਰੇ ਲਾਉਣੇ ਸ਼ੁਰੂ ਕਰ ਦਿੱਤੇ। ਗਵਰਨਰ ਨੇ ਹੱਥ ਜੋੜ ਕੇ ਸ਼ਾਂਤ ਹੋਣ ਦੀ ਅਪੀਲ ਕੀਤੀ ਅਤੇ ਵਿਰੋਧੀ ਧਿਰ ਦੇ ਹੰਗਾਮੇ ਦੀ ਪ੍ਰਵਾਹ ਕੀਤੇ ਬਗੈਰ ਭਾਸ਼ਣ ਸ਼ੁਰੂ ਕਰ ਦਿੱਤਾ। ਬਸਪਾ ਅਤੇ ਕਾਂਗਰਸ ਦੇ ਮੈਂਬਰ ਆਪਣੇ ਹੱਥਾਂ ਵਿੱਚ ਸਰਕਾਰ ਵਿਰੋਧੀ ਪੋਸਟਰ ਲਹਿਰਾਉਂਦੇ ਹੋਏ ਨਾਅਰੇਬਾਜ਼ੀ ਕਰਦੇ ਰਹੇ। ਸਮਾਜਵਾਦੀ ਪਾਰਟੀ ਦੇ ਆਨੰਦ ਭਦੌਰੀਆ ਰਬੜ ਦੇ ਬਣੇ ਖਿਡੌਣੇ ਨੁਮਾ ਸਾਨ੍ਹ ਅਤੇ ਗਾਂ ਨਾਲ ਲਿਆਏ ਸਨ ਤੇ ਗਵਰਨਰ ਨੂੰ ਦਿਖਾ ਰਹੇ ਸਨ। ਕਈ ਮੈਂਬਰ ਆਲੂ ਦੀ ਮਾਲਾ ਪਹਿਨ ਕੇ ਆਏ। ਸਮਾਜਵਾਦੀ ਪਾਰਟੀ ਦੇ ਕਈ ਮੈਂਬਰ ਜੁਤੀਆਂ ਸਮੇਤ ਮੇਜ਼ਾਂ 'ਤੇ ਚੜ੍ਹ ਗਏ। ਪੋਸਟਰ ਅਤੇ ਏਜੰਡੇ ਦੀਆਂ ਕਾਪੀਆਂ ਪਾੜ ਕੇ ਉਨ੍ਹਾਂ ਦੇ ਗੋਲੇ ਬਣਾ ਕੇ ਗਵਰਨਰ ਵੱਲ ਸੰਬੋਧਨ ਖਤਮ ਹੋਣ ਤੱਕ ਸੁੱਟਦੇ ਰਹੇ।

# ਖਾਤੇ ਤੋਂ ਗਲਤ ਢੰਗ ਨਾਲ ਪੈਸੇ ਨਿਕਲਣ ਲਈ ਬੈਂਕ ਜਿੰਮੇਵਾਰ: ਹਾਈ ਕੋਰਟ

ਕੋਚੀ, 6 ਫਰਵਰੀ (ਪੋਸਟ ਬਿਊਰੋ)- ਕੇਰਲ ਹਾਈ ਕੋਰਟ ਨੇ ਕਿਹਾ ਹੈ ਕਿ ਜੇ ਖ਼ਪਤਕਾਰ ਦੇ ਖਾਤੇ ਵਿਚੋਂ ਗਲਤ ਢੰਗ ਨਾਲ ਪੈਸਾ ਕੱਢਿਆ ਜਾਂਦਾ ਹੈ ਤਾਂ ਬੈਂਕ ਅਪਣੀ ਜਿੰਮੇਵਾਰੀ ਤੋਂ ਮੁਕਤ ਨਹੀਂ ਹੋ ਸਕਦੇ।

ਜਸਟਿਸ ਪੀ ਬੀ ਸੁਰੇਸ਼ ਕੁਮਾਰ ਨੇ ਸਪਸ਼ਟ ਕਿਹਾ ਕਿ ਜੇ ਅਜਿਹੇ ਕੇਸਾਂ ਵਿਚ ਖ਼ਪਤਕਾਰ ਐਸ ਐਮ ਐਸ ਅਲਰਟ ਉੱਤੇ ਪ੍ਰਤਿਕਿਰਿਆ ਨਹੀਂ ਦਿੰਦੇ ਤਾਂ ਵੀ ਬੈਂਕ ਜਿੰਮੇਵਾਰ ਹਨ। ਅਦਾਲਤ ਨੇ ਕਿਹਾ ਕਿ ਐਸ ਐਮ ਐਸ ਅਲਰਟ ਖ਼ਪਤਕਾਰ ਵੱਲ ਬੈਂਕਾਂ ਦੀ ਜਿੰਮੇਵਾਰੀ ਦਾ ਆਧਾਰ ਨਹੀਂ ਹੋ ਸਕਦਾ। ਕਈ ਐਸੇ ਖ਼ਪਤਕਾਰ ਹੋ ਸਕਦੇ ਹਨ, ਜਿਨ੍ਹਾਂ ਨੂੰ ਲਗਾਤਾਰ ਐਸ ਐਮ ਐਸ ਅਲਰਟ ਦੇਖਣ ਦੀ ਆਦਤ ਨਾ ਹੋਵੇ। ਹਾਈ ਕੋਰਟ ਨੇ ਇਹ ਹੁਕਮ ਸਟੇਟ ਬੈਂਕ ਦੀ ਪਟੀਸ਼ਨ ਰੱਦ ਕਰਦੇ ਹੋਏ ਦਿੱਤਾ ਹੈ। ਬੈਂਕ ਨੇ ਹੇਠਲੀ ਅਦਾਲਤ ਦੇ ਫ਼ੈਸਲੇ ਵਿਰੁਧ ਪਟੀਸ਼ਨ ਪਾਈ ਸੀ। ਹੇਠਲੀ ਅਦਾਲਤ ਨੇ ਬੈਂਕ ਨੂੰ ਨਿਰਦੇਸ਼ ਦਿਤੇ



ਸਨ ਕਿ ਅਣ ਅਧਿਕਾਰਤ ਤੌਰ ਉੱਤੇ ਪੈਸੇ ਕਢਾਉਣ ਕਾਰਨ 2.4 ਲੱਖ ਰੁਪਏ ਦਾ ਨੁਕਸਾਨ ਝੱਲਣ ਵਾਲੇ ਖ਼ਪਤਕਾਰ ਨੂੰ ਮੁਆਵਜ਼ਾ ਦਿਤਾ ਜਾਵੇ। ਖ਼ਪਤਕਾਰ ਨੇ ਇਹ ਰਕਮ ਵਿਆਜ ਨਾਲ ਮੰਗੀ ਸੀ। ਬੈਂਕ ਨੇ ਅਪਣੀ ਪਟੀਸ਼ਨ ਵਿਚ ਕਿਹਾ ਕਿ ਖ਼ਪਤਕਾਰ ਨੂੰ ਵਿਵਾਦਤ ਵਿਡਰਾਲ ਦਾ ਐਸ ਐਮ ਐਸ ਅਲਰਟ ਭੇਜਿਆ ਸੀ। ਉਸ ਖ਼ਪਤਕਾਰ ਨੂੰ ਅਪਣਾ ਖਾਤਾ ਬਲਾਕ ਕਰਾਉਣ ਦੀ ਅਪੀਲ ਕਰਨੀ ਚਾਹੀਦੀ ਸੀ। ਜਦ ਖ਼ਪਤਕਾਰ ਨੇ ਐਸ ਐਮ ਐਸ ਅਲਰਟ ਦੀ ਪ੍ਰਤੀਕਿਰਿਆ ਨਹੀਂ ਦਿਤੀ ਤਾਂ ਬੈਂਕ ਉਸ ਨੂੰ ਨੁਕਸਾਨ ਦਾ ਜਿੰਮੇਵਾਰ ਨਹੀਂ। ਬੈਂਕ ਦੀ ਦਲੀਲ ਉੱਤੇ ਹਾਈ ਕੋਰਟ ਨੇ ਕਿਹਾ ਕਿ ਇਹ ਤੈਅ ਹੈ ਕਿ ਜਦ ਬੈਂਕ ਅਪਣੇ ਖ਼ਪਤਕਾਰ ਨੂੰ ਸੇਵਾਵਾਂ ਦੇਂਦਾ ਹੈ ਤਾਂ ਉਸ ਦੀ ਜਿੰਮੇਵਾਰੀ ਹੈ ਕਿ ਅਪਣੇ ਖ਼ਪਤਕਾਰ ਦੇ ਹਿੱਤਾਂ ਦੀ ਰਾਖੀ ਲਈ ਯੋਗ ਕਦਮ ਚੁੱਕੇ। ਜੇ ਕਿਸੇ ਅਣਅਧਿਕਾਰਤ ਵਿਡਰਾਲ ਦਾ ਖ਼ਪਤਕਾਰ ਨੂੰ ਨੁਕਸਾਨ ਹੁੰਦਾ ਹੈ, ਜੋ ਉਸ ਨੇ ਕੀਤਾ ਨਹੀਂ ਤਾਂ ਬੈਂਕ ਜਿੰਮੇਵਾਰ ਹੈ। ਇਹ ਬੈਂਕ ਦੀ ਜਿੰਮੇਵਾਰੀ ਹੈ ਕਿ ਉਹ ਸੁਰੱਖਿਅਤ ਇਲੈਕਟ੍ਰਾਨਿਕ ਬੈਂਕਿੰਗ ਵਾਤਾਵਰਣ ਤਿਆਰ ਕਰੇ।

# ਚਾਰ ਸਹੇਲੀਆਂ ਨੇ ਸੁਸਾਈਡ ਨੋਟ ਵਿੱਚ ਕਾਰਨ ਦੱਸ ਕੇ ਖ਼ੁਦਕੁਸ਼ੀ ਕਰ ਲਈ

ਪਾਲਨਪੁਰ, 6 ਫਰਵਰੀ (ਪੋਸਟ ਬਿਊਰੋ)- ਗੁਜਰਾਤ ਦੇ ਬਨਾਸਕਾਂਠਾ ਦੇ ਦੇਵਪੁਰਾ ਵਿਚ ਇਕ ਨਬਾਲਗ ਸਮੇਤ ਚਾਰ ਸਹੇਲੀਆਂ ਨੇ ਨਰਮਦਾ ਨਦੀ ਵਿਚ ਛਾਲ ਮਾਰ ਕੇ ਖ਼ੁਦਕੁਸ਼ੀ ਕਰ ਲਈ ਹੈ। ਪੁਲਿਸ ਨੂੰ ਘਟਨਾ ਸਥਾਨ ਤੋਂ ਇਕ ਸੁਸਾਈਡ ਨੋਟ ਮਿ-ਲਆ ਹੈ, ਜਿਸ ਵਿਚ ਉਨ੍ਹਾਂ ਨੇ ਖ਼ੁਦਕੁਸ਼ੀ ਦੀ ਵਜ੍ਹਾ ਦਾ ਜ਼ਿਕਰ ਕੀਤਾ ਹੈ। ਪੁਲਿਸ ਦੇ ਮੁਤਾਬਕ ਲਾਸ਼ਾਂ ਦੀ ਪਛਾਣ ਮੀਨਾਕਸ਼ੀ, ਸ਼ਿਲਪਾ, ਹਕੀ ਅਤੇ ਜਮਨਾ ਦੇ ਰੂਪ ਵਿਚ ਹੋਈ ਹੈ। ਦੱਸਿਆ ਗਿਆ ਹੈ ਕਿ ਜਮਨਾ, ਸ਼ਿਲਪਾ ਅਤੇ ਮੀਨਾਕਸ਼ੀ ਵਿਆਹੀਆਂ ਹੋਈਆਂ ਸਨ। ਸੁਸਾਈਡ ਨੋਟ ਵਿਚ ਮੀਨਾਕਸ਼ੀ ਨੇ ਲਿਖਿਆ ਹੈ ਕਿ ਉਹ ਦਿਲ ਦੇ ਰੋਗ ਤੋਂ ਦੁਖੀ ਹੈ। ਸੁਸਾਈਡ ਨੋਟ ਵਿਚ ਸ਼ਿਲਪਾ ਦੇ ਬਾਰੇ ਲਿਖਿਆ ਹੈ ਕਿ ਉਹ ਪਤੀ ਨੂੰ ਪਸੰਦ ਨਹੀਂ ਕਰਦੀ। ਉਸ ਦੇ ਸਹੁਰੇ ਘਰ ਵਾਲੇ ਵੀ ਉਸ ਵੱਲ ਧਿਆਨ ਨਹੀਂ ਦਿੰਦੇ, ਇਸ ਲਈ ਉਸ ਦੀ ਜਿਉਣ ਦੀ ਇੱਛਾ ਨਹੀਂ। ਦੱਸਿਆ ਗਿਆ ਹੈ ਕਿ ਮੀਨਾਕਸ਼ੀ ਤੇ ਸ਼ਿਲਪਾ ਖ਼ੁਦਕੁਸ਼ੀ ਕਰਨ ਚੱਲੀਆਂ ਤਾਂ ਹਕੀ ਤੇ ਜਮਨਾ ਆ ਗਈਆਂ। ਉਹ ਦੋਵੇਂ ਅਪਣੀ ਜ਼ਿੰਦਗੀ ਤੋਂ ਖ਼ੁਸ਼ ਨਹੀਂ ਸਨ। ਚਾਰਾਂ ਸਹੇਲੀਆਂ ਨੇ ਸੁਸਾਈਡ ਨੋਟ ਲਿਖਿਆ ਅਤੇ ਇਕ-ਦੂਜੇ ਦਾ ਹੱਥ ਫੜ ਕੇ ਨਹਿਰ ਵਿਚ ਛਾਲ ਮਾਰ ਦਿਤੀ। ਚਾਰਾਂ ਨੇ ਸੁਸਾਈਡ ਨੋਟ ਵਿਚ ਮਾਤਾ-ਪਿਤਾ ਤੋਂ ਮਾਫ਼ੀ ਮੰਗੀ ਤੇ ਕਿਹਾ ਕਿ ਜ਼ਿੰਦਗੀ ਤੋਂ ਚੰਗੀ ਮੌਤ ਲੱਗੀ ਹੈ, ਇਸ ਲਈ ਮਰ ਰਹੀਆਂ ਹਾਂ।

PLATINUM MORTGAGES
FOR ALL MORTGAGE NEEDS
QUICK MORTGAGE ARRANGEMENT
2ND MORTGAGE
- NO CREDIT CHECK
- NO APPLICATION FEE
- NO JOB INCOME VERIFICATION
- NO PROBLEM
1ST MORTGAGE Starting from 2.59 % OAC
SPECIAL RATES FOR REFINANCING
Professional & Quality Service Guaranteed
Kanwaljit S. Dhunna
Mortgage broker
416.301.1976
Email: kdhunna62@gmail.com
Lic # 11992 FSCO # M08002472
- 1st & 2nd Mortgages
- Refinancing & Renewal
- Line of Credit
- Debt Consolidation
- Self Employed
- Truck Loan
- Equipment Leasing
- Bad Credit
5 CHERRYCREST DR. #206 BRAMPTON L6P 3W4

FIRST CHOICE FINANCIAL LIMITED
TRUCK LOANS
ਟੱਰਕ ਲੌਨ ਅਪਰੂਵਲ ਸਿੱਰਫ 2 ਘੰਟਿਆਂ ਦੇ ਅੰਦਰ-ਅੰਦਰ
ਹਰ ਤਰ੍ਹਾਂ ਦੇ ਨਵੇਂ ਤੇ ਪੁਰਾਣੇ ਟੱਰਕ ਤੇ ਟ੍ਰੇਲਰ ਦੀ Financing
- Low Down payment/Flexible Terms
- Large Inventory of New Trucks & Trailers
- Quick Approvals
- Honest Service
- Best Rate in Town
- Offices all over Canada
For more Information Contact
Rajdeep: 647.707.4167
Office: 905.678.2424

Insurance
Punjab Insurance Inc
- Super Visa Insurance
- Life Insurance
- Disability Insurance
- Critical illness Insurance
- Mortgage Insurance
- RRSP (Retirement Plan)
- RESP (Education Plan)
- Visitor Insurance
- Health and Dental Plans..
- Travel Insurance
- Segregated Funds, TFSA
Harpinder Kaur
Insurance Advisor
416.452.7373
harpinderkaur@punjabinsurance.ca
www.punjabinsurance.ca

UPPAL LAW
FREE CONSULTATION !
Avtar Uppal Manager
Aman Uppal BARRISTER, SOLICITOR
IMMIGRATION SERVICES :
- Visitor Visa ($200)
- Supervisa ($200)
- Study, Work, Visitor Extension ($125)
- Spousal Applications ($600)
- Family Sponsorship
- Permanent Residence Card Renewal ($65)
- Citizenship Applications ($70)
- All Invitation letters ($35)
OTHER PRACTICES:
- Criminal Law
- Power of Attorney ($60)
- Change of Name ($115)
- Notarization ($15)
- Travel Consent ($20)
- Affidavit ($35)
- Landlord and Tenant Matters ($250)
Prices are subject to Taxes, do not include Government fees and service by appointment only.
Offer valid until 9/30/201
Ph: 905-676-8200 Fax: 905-672-7848
351 Parkhurst Square, Brampton, ON L6T 5H5
2857 Derry Rd E, Mississauga, ON L4T 1A6

# ਪੈਰਿਸ ਦੀ ਰਿਹਾਇਸ਼ੀ ਇਮਾਰਤ ਵਿੱਚ ਅੱਗ ਨਾਲ ਅੱਠ ਮੌਤਾਂ

ਪੈਰਿਸ, 6 ਫਰਵਰੀ (ਪੋਸਟ ਬਿਊਰੋ)- ਇਥੇ ਇਕ ਰਿਹਾਇਸ਼ੀ ਅਪਾਰਟਮੈਂਟ ਵਿੱਚ ਦੇਰ ਰਾਤ ਲੱਗੀ ਅੱਗ ਦੇ ਨਾਲ ਅੱਠ ਵਿਅਕਤੀਆਂ ਦੀ ਮੌਤ ਹੋ ਗਈ ਹੈ। ਪੁਲਸ ਦਾ ਦਾਅਵਾ ਹੈ ਕਿ ਹਮਲਾ ਕਰਕੇ ਸਾੜਫੂਕ ਕੀਤੀ ਗਈ ਹੈ।



ਅਮੀਰ ਇਲਾਕੇ ਵਜੋਂ ਜਾਣੇ ਜਾਂਦੇ ਦੱਖਣ ਪੱਛਮੀ ਪੈਰਿਸ ਦੀ 16ਵੀਂ ਡਿਸਟ੍ਰਿਕਟ ਦੇ ਐਰਲੈਂਗਰ ਇਲਾਕੇ ਦੀ ਇਮਾਰਤ ਦੀ ਅੱਠਵੀਂ ਮੰਜ਼ਿਲ 'ਤੇ ਲੱਗੀ ਅੱਗ ਨੂੰ ਪੁਲਸ ਦਹਾਕਿਆਂ ਬਾਅਦ ਲੱਗੀ ਸਭ ਤੋਂ ਭਿਆਨਕ ਅੱਗ ਦੱਸ ਰਹੀ ਹੈ। ਤਸਵੀਰਾਂ ਤੇ ਵੀਡੀਓ ਫੁਟੇਜ ਵਿੱਚ ਅੱਗ ਬੁਝਾਊ ਅਮਲਾ ਇਮਾਰਤ ਵਿਚਲੇ ਲੋਕਾਂ ਨੂੰ ਧੂੰਏਂ ਦੇ ਗੁਬਾਰ ਵਿੱਚੋਂ ਬਚਾਉਂਦਾ ਨਜ਼ਰ ਆ ਰਿਹਾ ਹੈ। ਇਸ ਘਟਨਾ ਵਿੱਚ ਛੇ ਬਚਾਅ ਕਰਮੀਆਂ ਸਣੇ 30 ਜਣੇ ਜ਼ਖਮੀ ਹੋਏ ਹਨ। ਪੁਲਸ ਨੇ ਇਕ ਔਰਤ ਨੂੰ ਗ੍ਰਿਫਤਾਰ ਕੀਤਾ ਹੈ। ਸਾੜ ਫੂਕ ਕਰਕੇ ਲੋਕਾਂ ਨੂੰ ਮਾਰਨ ਦੀਆਂ ਧਾਰਾਵਾਂ ਦਾ ਕੇਸ ਦਰਜ ਕੀਤਾ ਗਿਆ ਹੈ ਤੇ ਜਾਂਚ ਸ਼ੁਰੂ ਕੀਤੀ ਗਈ ਹੈ। ਮਿਲੇ ਵੇਰਵਿਆਂ ਮੁਤਾਬਕ ਅੱਗ ਰਾਤ ਕਰੀਬ ਇਕ ਵਜੇ ਲੱਗੀ। ਬਚਾਅ ਅਮਲੇ ਦੇ 200 ਮੈਂਬਰਾਂ ਨੂੰ ਅੱਗ 'ਤੇ ਕਾਬੂ ਪਾਉਣ ਲਈ ਕਰੀਬ ਪੰਜ ਘੰਟੇ ਲੱਗੇ। ਇਕ ਸਰਕਾਰ ਅਧਿਕਾਰੀ ਨੇ ਦੱਸਿਆ ਕਿ ਮੌਤਾਂ ਦੀ ਗਿਣਤੀ ਵੱਧ ਸਕਦੀ ਹੈ। ਜਾਨ ਬਚਾਉਣ ਲਈ ਕੰਪਲੈਕਸ ਵਿੱਚ ਰਹਿੰਦੇ ਲੋਕ ਨਾਲ ਲੱਗਦੀਆਂ ਇਮਾਰਤਾਂ ਦੀਆਂ ਛੱਤਾਂ 'ਤੇ ਚੜ੍ਹ ਗਏ ਜਿਨ੍ਹਾਂ ਨੂੰ ਬਚਾਅ ਕਰਮੀਆਂ ਨੇ ਸੁਰੱਖਿਅਤ ਉਤਾਰਿਆ। ਰਾਜਧਾਨੀ ਦਾ ਇਹ ਇਲਾਕਾ ਉਘੇ ਫੁਲਬਾਲ ਕਲੱਬ ਸਟੇਡੀਅਮ ਪੇਰਿਸ ਸੇਂਟ ਜਰਮੇਨ ਦੇ ਵੀ ਲਾਗੇ ਹੈ। ਪੁਲਸ ਨੇ ਕਈ ਗਲੀਆਂ ਤੇ ਸੜਕਾਂ ਸਾਵਧਾਨੀ ਹਿੱਤ ਬੰਦ ਕਰ ਦਿੱਤੀਆਂ ਹਨ।

## ਡਾਟਾ ਚੋਰੀ ਹੋਣ ਤੋਂ ਫੇਸਬੁੱਕ ਦੇ ਯੂਜ਼ਰ ਅਣਜਾਣ

ਨਿਊਯਾਰਕ, 6 ਫਰਵਰੀ (ਪੋਸਟ ਬਿਊਰੋ)- ਫੇਸਬੁੱਕ ਦੇ ਨਾਲ ਹੋਰ ਸੋਸ਼ਲ ਮੀਡੀਆ ਵੈਬਸਾਈਟਾਂ ਪਿਛਲੇ ਕੁਝ ਸਮੇਂ ਤੋਂ ਬਿਨਾਂ ਇਜਾਜ਼ਤ ਆਪਣੇ ਯੂਜ਼ਰਜ਼ ਦੀਆਂ ਨਿੱਜੀ ਸੂਚਨਾਵਾਂ ਇਕੱਠੀਆਂ ਕਰਨ ਅਤੇ ਉਨ੍ਹਾਂ ਨੂੰ ਇਸ਼ਤਿਹਾਰ ਦਾਤਿਆਂ ਨੂੰ ਵੇਚਣ ਲਈ ਸਵਾਲਾਂ ਦੇ ਘੇਰੇ ਵਿੱਚ ਹਨ। ਕਈ ਵਾਰ ਇਸ ਕਾਰਨ ਫੇਸਬੁੱਕ ਨੂੰ ਯੂਜ਼ਰਾਂ ਦੀ ਨਿੱਜਤਾ ਸੁਰੱਖਿਅਤ ਕਰਨ ਤੇ ਸਾਈਟ ਦੀ ਪਾਰਦਰਸ਼ਿਤਾ ਵਧਾਉਣ ਲਈ ਕਦਮ ਚੁੱਕਣੇ ਪਏ ਹਨ। ਫੇਸਬੁੱਕ ਦੇ ਤਿੰਨ ਚੌਥਾਈ ਯੂਜ਼ਰ ਹਾਲੇ ਵੀ ਇਸ ਤੋਂ ਅਣਜਾਣ ਹਨ ਕਿ ਸੋਸ਼ਲ ਸਾਈਟ ਉਨ੍ਹਾਂ ਦੀਆਂ ਨਿੱਜੀ ਜਾਣਕਾਰੀਆਂ ਤੇ ਰੁਚੀ ਦਾ ਵੇਰਵਾ ਰੱਖ ਰਹੀ ਹੈ।

ਵਾਸ਼ਿੰਗਟਨ ਦੇ ਪਿਊ ਰਿਸਰਚ ਸੈਂਟਰ (ਪੀ ਆਰ ਸੀ) ਨੇ ਪਿਛਲੇ ਸਾਲ ਚਾਰ ਸਤੰਬਰ ਤੋਂ ਇਕ ਅਕਤੂਬਰ ਦੇ ਦੌਰਾਨ ਫੇਸਬੁੱਕ 'ਤੇ ਪ੍ਰੋਫਾਈਲ ਬਣਾਉਣ ਵਾਲੇ 963 ਅਮਰੀਕੀਆਂ ਵਿਚਕਾਰ ਕਰਵਾਏ ਗਏ ਅਧਿਐਨ ਤੋਂ ਬਾਅਦ ਇਹ ਜਾਣਕਾਰੀ ਦਿੱਤੀ ਹੈ। ਸਾਰੇ ਲੋਕਾਂ ਨੂੰ ਉਨ੍ਹਾਂ ਦੇ ਫੇਸਬੁੱਕ ਪ੍ਰੋਫਾਈਲ 'ਤੇ ਮੌਜੂਦ 'ਐਡ ਪ੍ਰਿਫਰੈਂਸ' ਪੇਜ ਵਿਖਾਇਆ ਗਿਆ ਸੀ। ਇਸ ਪੇਜ 'ਤੇ ਉਹ ਸਾਰੀ ਜਾਣਕਾਰੀ ਹੁੰਦੀ ਹੈ, ਜਿਸ ਤੋਂ ਯੂਜ਼ਰ ਜਾਣ ਸਕਦਾ ਹੈ ਕਿ ਉਸ ਨੂੰ ਕੋਈ ਵੀ ਇਸ਼ਤਿਹਾਰ ਲਗਾਤਾਰ ਕਿਉਂ ਨਜ਼ਰ ਆਉਂਦਾ ਹੈ? ਫੇਸਬੁੱਕ ਦਾ ਕਹਿਣਾ ਹੈ ਕਿ ਇਸ ਦੀ ਮਦਦ ਨਾਲ ਯੂਜ਼ਰ ਆਪਣੇ ਪ੍ਰੋਫਾਈਲ 'ਤੇ ਨਜ਼ਰ ਆ ਰਹੇ ਇਸ਼ਤਿਹਾਰਾਂ ਨੂੰ ਕੰਟੋਰਲ ਕਰ ਸਕਦਾ ਹੈ।

## ਚੀਨ ਵਿੱਚ ਲਾੜੀ ਨੂੰ ਮਿਲਦਾ ਦਾਜ ਰੋਕਣ ਲਈ ਮਹਿੰਗੇ ਵਿਆਹਾਂ ਦੀ ਪਾਬੰਦੀ ਲਾਗੂ

ਬੀਜਿੰਗ, 6 ਫਰਵਰੀ (ਪੋਸਟ ਬਿਊਰੋ)- ਚੀਨ ਵਿੱਚ ਮਹਿੰਗੇ ਹੁੰਦੇ ਵਿਆਹ ਲੋਕਾਂ ਦੇ ਨਾਲ ਪ੍ਰਸ਼ਾਸਨ ਲਈ ਵੀ ਸਿਰਦਰਦੀ ਬਣ ਗਏ ਹਨ। ਇਸ ਨਾਲ ਨਿਪਟਣ ਲਈ ਮੱਧ ਹੇਨਾਨ ਸੂਬੇ ਦੇ ਪਿਊਆਂਗ ਪ੍ਰਸ਼ਾਸਨ ਨੇ ਗਾਈਡਲਾਈਨ ਜਾਰੀ ਕੀਤੀ ਹੈ। ਇਸ ਦੇ ਤਹਿਤ ਵਿਆਹ ਦੇ ਤੋਹਫੇ, ਮਹਿਮਾਨਾਂ ਦੀ ਗਿਣਤੀ ਅਤੇ ਰਿਸੈਪਸ਼ਨ 'ਤੇ ਹੁੰਦਾ ਖਰਚ ਤੈਅ ਕਰ ਦਿੱਤਾ ਹੈ। ਇਹ ਵੀ ਕਿਹਾ ਹੈ ਕਿ ਇਸ ਤੋਂ ਵੱਧ ਖਰਚ ਕਰਨ 'ਤੇ ਕਾਨੂੰਨੀ ਕਾਰਵਾਈ ਕੀਤੀ ਜਾਏਗੀ।

ਲੜਕੀਆਂ ਦੀ ਗਿਣਤੀ ਘੱਟ ਹੋਣਾ ਮਹਿੰਗੇ ਵਿਆਹਾਂ ਦਾ ਸਭ ਤੋਂ ਵੱਡਾ ਕਾਰਨ ਹੈ। ਚੀਨ ਵਿੱਚ 100 ਔਰਤਾਂ 'ਤੇ 115 ਮਰਦ ਹਨ। ਇਸ ਕਾਰਨ ਲੜਕਿਆਂ ਨੂੰ ਜੀਵਨ ਸਾਥੀ ਮਿਲਣਾ ਮੁਸ਼ਕਲ ਹੁੰਦਾ ਹੈ। ਵਿਆਹ ਹੋਣ 'ਤੇ ਉਨ੍ਹਾਂ ਨੂੰ ਲਾੜੀ ਦੇ ਲਈ ਮਹਿੰਗੇ ਤੋਹਫੇ ਖਰੀਦਣੇ ਪੈਂਦੇ ਹਨ ਅਤੇ ਕਾਫੀ



ਪੈਸਾ ਖਰਚ ਕਰਨਾ ਪੈਂਦਾ ਹੈ। ਅਧਿਕਾਰੀਆਂ ਦਾ ਕਹਿਣਾ ਹੈ ਕਿ ਇਸ ਫੈਸਲੇ ਦਾ ਮਕਸਦ ਦਾਜ 'ਤੇ ਰੋਕ ਲਾਉਣਾ ਹੈ। ਵਿਆਹ ਵਿੱਚ ਦਿੱਤੇ ਜਾ ਰਹੇ ਤੋਹਫਿਆਂ ਦੀ ਰਕਮ ਤੈਅ ਕਰ ਦਿੱਤੀ ਗਈ ਹੈ। ਦਿਹਾਤੀ ਇਲਾਕਿਆਂ ਵਿੱਚ 3.20 ਲੱਖ ਅਤੇ ਸ਼ਹਿਰੀ ਸਰਕਾਰੀ ਮੁਲਾਜ਼ਮਾਂ ਲਈ ਸਵਾ ਦੋ ਲੱਖ ਰੁਪਏ ਦੀ ਰਾਸ਼ੀ ਤੈਅ ਹੋ ਗਈ ਹੈ। ਪਰਵਾਰਾਂ ਨੂੰ ਸਲਾਹ ਦਿੱਤੀ ਗਈ ਹੈ ਕਿ ਉਹ ਵਿਆਹਾਂ ਦੇ ਰਿਸੈਪਸ਼ਨ ਵਿੱਚ ਵੱਧ ਤੋਂ ਵੱਧ 15 ਟੇਬਲ ਰੱਖਣ। ਖਾਣੇ ਦੀ ਲਾਗਤ ਪ੍ਰਤੀ ਟੇਬਲ ਤਿੰਨ ਹਜ਼ਾਰ ਰੁਪਏ ਤੋਂ ਵੱਧ ਨਹੀਂ ਹੋਣੀ ਚਾਹੀਦੀ।

## ਨੌਜਵਾਨ ਦੇ ਮੂੰਹ ਵਿੱਚ 'ਈ-ਸਿਗਰਟ' ਦੇ ਧਮਾਕੇ ਨਾਲ ਮੌਤ

ਵਾਸ਼ਿੰਗਟਨ, 6 ਫਰਵਰੀ (ਪੋਸਟ ਬਿਊਰੋ)- ਅਮਰੀਕਾ ਦੇ ਟੈਕਸਾਸ ਸੂਬੇ ਵਿੱਚ ਈ-ਸਿਗਰਟ ਪੀਣ ਕਾਰਨ ਇਕ 24 ਸਾਲਾ ਨੌਜਵਾਨ ਵਿਲੀਅਮ ਬ੍ਰਾਊਨ ਦੀ ਮੌਤ ਹੋ ਗਈ ਹੈ। ਉਸ ਦੀ ਮੌਤ ਈ-ਸਿਗਰਟ ਦੇ ਧਮਾਕੇ ਨਾਲ ਹੋਈ ਹੈ। ਧਮਾਕਾ ਉਸ ਸਟੋਰ ਦੀ ਪਾਰਕਿੰਗ ਵਿੱਚ ਹੋਇਆ, ਜਿਥੇ ਵੱਖ-ਵੱਖ ਕਿਸਮ ਦੀਆਂ ਸਿਗਰਟਾਂ ਦੀ ਵਿਕਰੀ ਹੁੰਦੀ ਹੈ। ਮੀਡੀਆ ਰਿਪੋਰਟਾਂ ਮੁਤਾਬਕ ਵਿਲੀਅਮ ਨੇ ਉਸ ਸਟੋਰ ਵਿੱਚ ਜਾ ਕੇ ਇਕ ਈ-ਸਿਗਰਟ ਦੀ ਮੰਗ ਕੀਤੀ। ਧਮਾਕੇ ਪਿੱਛੋਂ ਸਟੋਰ ਪ੍ਰਬੰਧਕਾਂ ਨੇ ਦੱਸਿਆ ਕਿ ਜਿਸ ਈ-ਸਿਗਰਟ ਵਿੱਚ ਧਮਾਕਾ ਹੋਇਆ, ਉਹ ਉਨ੍ਹਾਂ ਦੇ ਸਟੋਰ ਤੋਂ ਨਹੀਂ ਵੇਚੀ ਗਈ। ਹੋ ਸਕਦਾ ਹੈ ਕਿ ਨੌਜਵਾਨ ਕੋਲ ਪਹਿਲਾਂ ਕਿਸੇ ਹੋਰ ਕੰਪਨੀ ਦੀ ਈ-ਸਿਗਰਟ ਹੋਵੇ। ਮ੍ਰਿਤਕ ਦਾ ਕੁਝ ਦਿਨ ਬਾਅਦ ਵਿਆਹ ਹੋਣ ਦਾ ਸੀ। ਈ-ਸਿਗਰਟ ਤੇ ਪੈਨ ਬੈਟਰੀ ਨਾਲ ਚੱਲਦੇ ਹਨ, ਜਿਸ ਵਿਚ ਇਕ ਪਦਾਰਥ ਨੂੰ ਗਰਮ ਕੀਤਾ ਜਾਂਦਾ ਹੈ ਤਾਂ ਜੋ ਨਿਯਮਿਤ ਸਿਗਰਟ ਦੇ ਧੂੰਏ ਵਾਂਗ ਉਸ ਨੂੰ ਅੰਦਰ ਖਿੱਚਿਆ ਜਾਏ। ਇਹ ਪਦਾਰਥ ਆਮ ਤੌਰ ਉੱਤੇ ਨਿਕੋਟਿਨ ਜਾਂ ਕੋਈ ਫਲੇਵਰ ਹੁੰਦਾ ਹੈ।

## ਟ੍ਰੈਫਿਕ ਜਾਮ ਕਾਰਨ ਔਰਤ ਨੇ ਕਾਰ ਵਿੱਚ ਬੱਚੇ ਨੂੰ ਜਨਮ ਦਿੱਤਾ

ਲੰਡਨ, 6 ਫਰਵਰੀ (ਪੋਸਟ ਬਿਊਰੋ)- ਇਕ ਅੰਗਰੇਜ਼ੀ ਅਖਬਾਰ ਵਿਚ ਛਪੀ ਖਬਰ ਮੁਤਾਬਕ ਬ੍ਰਿਟੇਨ ਵਿਚ 35 ਸਾਲਾ ਔਰਤ ਨੇ ਮੁਸ਼ਕਲ ਹਾਲਤਾਂ ਵਿਚ ਵੀ ਹਾਰ ਨਹੀਂ ਮੰਨੀ ਤੇ ਕਾਰ ਦੀ ਪਿਛਲੀ ਸੀਟ ਤੇ ਆਪਣੇ ਪਾਰਟਨਰ ਦੀ ਮਦਦ ਨਾਲ ਬੱਚੇ ਨੂੰ ਜਨਮ ਦਿੱਤਾ, ਜਿਸ ਦੀ ਹਰ ਪਾਸੇ ਚਰਚਾ ਹੋ ਰਹੀ ਹੈ। ਇਸ ਘਟਨਾ ਦੇ ਬਾਰੇ 35 ਸਾਲਾ ਸੋਨਲ ਵਸਤਾ ਨੇ ਦੱਸਿਆ, 'ਮੈਂ ਓਡੀ ਕਾਰ ਦੀ ਪਿਛਲੀ ਸੀਟ ਉੱਤੇ ਬੈਠੀ ਸੀ ਤੇ ਮੇਰਾ ਪਾਰਟਨਰ ਵਿਕ ਵਸਤਾ ਗੱਡੀ ਚਲਾ ਰਿਹਾ ਸੀ। ਟ੍ਰੈਫਿਕ ਜਾਮ ਕਾਰਨ ਰਸਤੇ ਵਿਚ ਮੈਨੂੰ ਦਰਦ ਸ਼ੁਰੂ ਹੋ ਗਿਆ। ਮੈਨੂੰ ਮਹਿਸੂਸ ਹੋਇਆ ਕਿ ਬੱਚੇ ਦਾ ਜਨਮ ਹੋਣ ਵਾਲਾ ਹੈ। ਅਸੀਂ ਇਸ ਸਥਿਤੀ ਵਿਚ ਘਬਰਾਏ ਬਿਨਾਂ ਸੂਝ ਤੋਂ ਕੰਮ ਲਿਆ।' ਸੋਨਲ ਨੇ ਦੱਸਿਆ, 'ਵਿਕ ਨੇ ਫੋਨ ਉੱਤੇ ਮੈਡੀਕਲ ਟੀਮ ਦੇ ਨਿਰਦੇਸ਼ ਨਾਲ ਕੰਮ ਕੀਤਾ। ਸਾਨੂੰ ਯਕੀਨ ਨਹੀਂ ਹੋ ਰਿਹਾ ਸੀ ਕਿ ਅਸੀਂ ਆਪਣੇ ਬੱਚੇ ਦੀ ਡਿਲੀਵਰੀ ਖੁਦ ਕੀਤੀ ਹੈ।'

ਵਿਕ ਦੱਸਦੇ ਹਨ ਕਿ ਗਰਭ ਅਵਸਥਾ ਦੌਰਾਨ ਸੋਨਲ ਲਗਾਤਾਰ ਯੋਗਾ ਕਲਾਸ ਜਾਂਦੀ ਸੀ ਅਤੇ ਇਸੇ ਕਾਰਨ ਉਹ ਡਿਲੀਵਰੀ ਦੌਰਾਨ ਕਾਫੀ ਸ਼ਾਂਤ ਰਹੀ। ਸੋਨਲ ਦੱਸਦੀ ਹੈ ਕਿ ਯੋਗਾ ਕਲਾਸ ਵੇਲੇ ਸਾਡੇ ਤੋਂ ਉਨ੍ਹਾਂ ਥਾਵਾਂ ਬਾਰੇ ਪੁੱਛਿਆ ਜਾਂਦਾ ਸੀ, ਜਿੱਥੇ ਅਸੀਂ ਬੱਚੇ ਨੂੰ ਜਨਮ ਦੇਣਾ ਚਾਹੁੰਦੇ ਹਾਂ, ਪਰ ਕਦੇ ਕਾਰ ਦੀ ਬੈਕ ਸੀਟ ਬਾਰੇ ਨਹੀਂ ਸੋਚਿਆ ਸੀ। ਉਸ ਨੇ ਇਕ ਸਿਹਤਮੰਦ ਬੱਚੇ ਨੂੰ ਜਨਮ ਦਿੱਤਾ। ਦੋਵਾਂ ਨੇ ਬੇਟੇ ਦਾ ਨਾਮ ਮਿਹਾਨ ਰੱਖਿਆ ਹੈ। ਸੋਨਲ ਨੇ ਦੱਸਿਆ ਕਿ ਅਸੀਂ ਦੋਵਾਂ ਨੇ ਆਪਣੇ ਪਿਤਾ ਨੂੰ ਇਕ ਹਾਦਸੇ ਵਿਚ ਗਵਾ ਦਿੱਤਾ ਸੀ ਤੇ ਸਾਨੂੰ ਲੱਗਦਾ ਹੈ ਕਿ ਇਸ ਮੁਸ਼ਕਲ ਹਾਲਤ ਵਿਚ ਸ਼ਾਇਦ ਸਾਡੇ ਪਿਤਾ ਹੀ ਸਾਨੂੰ ਅਸ਼ੀਰਵਾਦ ਦੇ ਰਹੇ ਸਨ।

## ਪੋਪ ਫ੍ਰਾਂਸਿਸ ਨੇ ਪਾਦਰੀਆਂ ਵੱਲੋਂ ਨੰਨਜ਼ ਨੂੰ ਸੈਕਸ ਗੁਲਾਮ ਰੱਖਣ ਦੀ ਗੱਲ ਮੰਨੀ

ਆਬੂ ਧਾਬੀ, 6 ਫਰਵਰੀ (ਪੋਸਟ ਬਿਊਰੋ)- ਮੱਧ ਪੂਰਬੀ ਦਾ ਦੌਰਾ ਕਰ ਰਹੇ ਪੋਪ ਫ੍ਰਾਂਸਿਸ ਨੇ ਪਾਦਰੀਆਂ ਵਲੋਂ ਨੰਨਾਂ ਦਾ ਯੋਨ ਸ਼ੋਸ਼ਣ ਕੀਤੇ ਜਾਣ ਦੀ ਗੱਲ ਮੰਨੀ ਹੈ। ਉਨ੍ਹਾਂ ਦੇ ਮੁਤਾਬਕ ਇਨ੍ਹਾਂ ਵਿਚੋਂ ਇਕ ਕੇਸ ਅਜਿਹਾ ਸੀ, ਜਿੱਥੇ ਨੰਨਾਂ ਨੂੰ ਸੈਕਸ ਗੁਲਾਮ ਬਣਾ ਕੇ ਰੱਖਿਆ ਗਿਆ। ਪੋਪ ਫ੍ਰਾਂਸਿਸ ਨੇ ਇਹ ਵੀ ਮੰਨਿਆ ਕਿ ਉਨ੍ਹਾਂ ਤੋਂ ਪਹਿਲੇ ਪੋਪ ਬੈਨੇਡਿਕਟ ਨੂੰ ਨਨਾਂ ਦੀ ਪੂਰੀ ਧਰਮ ਸਭਾ ਨੂੰ ਹੀ ਬੰਦ ਕਰਨਾ ਪਿਆ ਸੀ, ਜਿਨ੍ਹਾਂ ਦਾ ਪਾਦਰੀ ਸ਼ੋਸ਼ਣ ਕਰਦੇ ਸਨ।

ਸਮਝਿਆ ਜਾਂਦਾ ਹੈ ਕਿ ਇਹ ਪਹਿਲਾ ਮੌਕਾ ਹੈ, ਜਦੋਂ ਪੋਪ ਫ੍ਰਾਂਸਿਸ ਨੇ ਪਾਦਰੀਆਂ ਵਲੋਂ ਨੰਨਾਂ ਦੇ ਯੋਨ ਸ਼ੋਸ਼ਣ ਦੀ ਗੱਲ ਮੰਨੀ ਹੈ। ਪੋਪ ਫ੍ਰਾਂਸਿਸ ਨੇ ਕਿਹਾ ਕਿ ਚਰਚ ਇਸ ਸਮੱਸਿਆ ਦੇ ਹੱਲ ਦੀ ਕੋਸ਼ਿਸ਼ ਵਿਚ ਲੱਗਾ ਹੋਇਆ ਹੈ, ਪਰ ਇਹ ਸਮੱਸਿਆ ਹਾਲੇ ਕਾਇਮ ਹੈ। ਪੋਪ ਇਸ ਵੇਲੇ ਮੱਧ ਪੂਰਬ ਦੇ ਇਤਿਹਾਸਕ ਦੌਰੇ ਉੱਤੇ ਹਨ। ਪੱਤਰਕਾਰਾਂ ਦੇ ਸਵਾਲਾਂ ਦੇ ਜਵਾਬ ਵਿਚ ਉਨ੍ਹਾਂ ਨੇ ਨਨਾਂ ਦੇ ਯੋਨ ਸ਼ੋਸ਼ਣ ਬਾਰੇ ਕਈ ਗੱਲਾਂ ਕਹੀਆਂ। ਪੋਪ ਨੇ ਕਿਹਾ ਕਿ ਇਸ ਸਮੱਸਿਆ ਬਾਰੇ ਕਈ ਪਾਦਰੀਆਂ ਨੂੰ ਸਸਪੈਂਡ ਵੀ ਕੀਤਾ ਗਿਆ ਹੈ ਅਤੇ ਅੱਗੇ ਵੀ ਕੋਸ਼ਿਸ਼ਾਂ ਕਰਨੀਆਂ ਜ਼ਰੂਰੀ ਹਨ।



ਵਰਨਣ ਯੋਗ ਹੈ ਕਿ ਬੀਤੇ ਸਾਲ ਨਵੰਬਰ ਵਿਚ ਕੈਥੋਲਿਕ ਚਰਚ ਗਲੋਬਲ ਆਰਗਨਾਇਜੇਸ਼ਨ ਫਾਰ ਨੰਨਸ ਦੇ ਚੁੱਪ ਰਹਿਣ ਅਤੇ ਗੁਪਤਤਾ ਬਣਾਏ ਰੱਖਣ ਦੀ ਪਰੰਪਰਾ ਦੀ ਨਿੰਦਾ ਕੀਤੀ ਸੀ, ਜੋ ਉਨ੍ਹਾਂ ਨੂੰ ਅਪਣੀ ਗੱਲ ਚੁੱਕਣ ਤੋਂ ਰੋਕਦੀ ਹੈ। ਕੁਝ ਦਿਨ ਪਹਿਲਾਂ ਵੈਟਿਕਨ ਦੀਆਂ ਔਰਤਾਂ ਦੀ ਮੈਗਜ਼ੀਨ ਵੂਮਨ ਚਰਚ ਵਰਲਡ ਨੇ ਸ਼ੋਸ਼ਣ ਦੀ ਨਿੰਦਾ ਕਰਦੇ ਹੋਏ ਕਿਹਾ ਸੀ ਕਿ ਕੁਝ ਕੇਸਾਂ ਵਿਚ ਨੰਨਾਂ ਆਪਣੀ ਕੁੱਖ ਵਿਚ ਪਲਦੇ ਪਾਦਰੀਆਂ ਦੇ ਬੱਚਿਆਂ ਦੇ ਗਰਭਪਾਤ ਲਈ ਮਜਬੂਰ ਸਨ ਅਤੇ ਕੈਥੋਲਿਕਾਂ ਲਈ ਗਰਭਪਾਤ ਕਰਾਉਣ ਦੀ ਮਨਜ਼ੂਰੀ ਨਹੀਂ। ਇਸ ਮੈਗਜ਼ੀਨ ਦੇ ਮੁਤਾਬਕ ਮੀ ਟੂ ਮੂਵਮੈਂਟ ਤੋਂ ਬਾਅਦ ਕਈ ਔਰਤਾਂ ਆਪਣੀ ਕਹਾਣੀਆਂ ਜ਼ਾਹਰ ਕਰ ਰਹੀਆਂ ਹਨ।

ਭਾਰਤ ਵਿਚ ਵੀ ਅਜਿਹਾ ਇੱਕ ਮਾਮਲਾ ਪਿਛਲੇ ਸਾਲ ਤੋਂ ਚੱਲ ਰਿਹਾ ਹੈ ਜਿਸ ਵਿੱਚ ਜਲੰਧਰ ਦੇ ਰੋਮਨ ਕੈਥੋਲਿਕ ਚਰਚ ਦੇ ਬਿਸ਼ਪ ਉੱਤੇ ਕੇਰਲ ਦੀ ਰਹਿਣ ਵਾਲੀ ਇਕ ਨੰਨ ਨਾਲ ਬਲਾਤਕਾਰ ਦੇ ਦੋਸ਼ ਲੱਗੇ ਸਨ। ਉਸ ਕੇਸ ਵਿਚ ਦੋਸ਼ੀ ਬਿਸ਼ਪ ਫਰੈਂਕੋ ਮੁਲੱਕਲ ਦੇ ਵਿਰੁਧ ਕੇਸ ਦਰਜ ਵੀ ਹੋਇਆ ਸੀ। ਪੀੜਤਾ ਨੰਨ ਵਲੋਂ ਭਾਰਤ ਵਿੱਚ ਵੈਟਿਕਨ ਦੇ ਪ੍ਰਤਿਨਿਧ ਜਿਆਮਬਟਿਸਟਾ ਦਿਕਵਾਤਰੋ ਨੂੰ ਪੱਤਰ ਲਿਖ ਕੇ ਕੇਸ ਦੀ ਤੇਜੀ ਨਾਲ ਜਾਂਚ ਕਰਾਉਣ ਅਤੇ ਬਿਸ਼ਪ ਫਰੈਂਕੋ ਨੂੰ ਅਹੁਦੇ ਤੋਂ ਹਟਾਉਣ ਦੀ ਗੁਹਾਰ ਲਾਈ ਗਈ ਸੀ। ਪੁਲਿਸ ਵਲੋਂ ਪੇਸ਼ ਕੀਤੇ ਐਫੀਡੇਵਿਟ ਵਿਚ ਮੈਡੀਕਲ ਰਿਪੋਰਟ ਦਾ ਹਵਾਲਾ ਦੇ ਕੇ ਕਿਹਾ ਗਿਆ ਕਿ ਬਿਸ਼ਪ ਨੇ ਨੰਨ ਦਾ ਬਲਾਤਕਾਰ ਕੀਤਾ ਸੀ।

ਕਿ ਤੁਸੀ Auto ਤੇ Home Insurance ਦੀਆਂ ਵਡੀਆਂ ਕਿਸ਼ਤਾਂ ਤੋਂ ਪਰੇਸ਼ਾਨ ਹੋ? Insurance ਕਰਵਾਈ ਸੀ ਪਰ ਬਣੀ ਨੀ ਗੱਲ?
ਤਾਂ ਘਬਰਾਓ ਨਾ ਸੁਜੀਤ ਮਾਜੁਮਦਾਰ ਨੂੰ ਕਾਲ ਕਰੋ ਤੇ ਆਪਣੇ ਪੈਸੇ ਬਚਾਓ!
If you have 'G' license, 3 years experience & a clean record call today for the lowest & best insurance rates
Sujit Majumdar
Agent
Cell: 647-292-1996
Paying too much for auto insurance?
Call today for best & low rates!
27 Rean Drive, Unit 11,
Toronto, ON M2K 0A6

Call for Free Estimates
A-1 RENOVATION GTA INC
416-456-1462
OVER 15 YEARS OF SERVICE
Professionals in Completing Basements within 3 Weeks
$1,000
Services:
- Complete Basement
- Tiles
- Bathrooms
- Plumbing
- Laminate
- Hardwood Floor
- Painting
info@a1renovationgta.com
www.a1renovationgta.com
A-1 RENOVATION GTA INC.
22 Listcreek Road, Brampton L6p 2n6

Honesty, Reliability, Commitment
HIRA RANDHWA
Broker
Dir:416.319.0551 Off:905.913.8585
- 1 yr Home Warranty
- 40% Discount on Brand Name Appliances & Furniture
- Free Evaluation & Lowest Commission
OPEN HOUSE UNTIL SOLD
Silvercity
www.HiraRandhawa.com
hirarandhawa@yahoo.ca
Brampton $579,900 — Hwy 10/Wlm Pkwy — 3 Bedroom, 3W/R, 1Bedroom Basement Detached, Freshly Painted, Modern Kitchen, Granite Counter Tops And Walk Out To Large Private Yard Perfect For Pvt. BBQ's
Malton $589,900 — Airport Rd/Steeles — 3 Bedroom, Semi-Detached, 3 Full Washrooms, Newly Painted, New Concrete Patio for summer BBQ, Newly Renovated 1 Bed Room Basmt. With Separate-Entrance
Malton $599,000 — Airport Rd/ Morning Star Dr — 4BR, 3WR, Large Lot, 3 Separate Apartments, Fully Renovated, 1BR Basmt.with Sep. Ent., Excellent For Investment Or Personal use, walk to Stores, Transportation, Sikh Temple
Brampton $729,000 — KingKnoll And Mclaughlin — 4Bed Rooms, 4Wash Rooms,2 Bed Room Basement, Close to Schools Sheridan College, Parks Shoppers World,Liabrary, Parks, Sikh Temple
Call For:
RESP, SUPER -VISA,& TRAVEL
Insurance
H.Randhawa
416-319-0551

jobs! jobs! jobs! jobs! jobs!
DUNDAS·JAFINE
HELP WANTED
ਕਾਮਿਆਂ ਦੀ ਲੋੜ
ਜਨਰਲ ਲੇਬਰ ਦਾ ਕੰਮ ਉਪਲੱਬਧ ਹੈ
ਬਰੈਂਪਟਨ ਦੇ ਇਲਾਕੇ ਡੰਡਾਸ ਜੈਫਿਨ, Air Distribution Products ਦੀ Leading Manufacture company HVAC Industry ਲਈ ਫੁੱਲ ਟਾਈਮ ਪੋਜੀਸ਼ਨ ਉਪਲੱਬਧ ਹੈ।
ਤਿੰਨੋਂ ਸ਼ਿਫਟਾਂ : Day ਅਤੇ Afternoon Available ਹਨ
ਕਾਮਿਆਂ ਨੂੰ ਹੇਠ ਲਿਖੇ ਕਾਰਨ ਵਿੱਚ ਸਮਰੱਥ ਹੋਣਾ ਜਰੂਰੀ ਹੈ:
* ਸੁਤੰਤਰ ਤੌਰ ਤੇ ਕੰਮ ਕਰੋ * 20Lbs ਤੱਕ ਭਾਰ ਚੁੱਕ ਸਕਣ
* ਆਪਣੇ Safety Shoes ਹੋਣੇ ਚਾਹੀ ਦੇ ਹਨ
ਅਪਲਾਈ ਕਰਨ ਲਈ ਆਪ ਪਹੁੰਚੋ:
110 Glidden Road – See Kamal 905-458-4733
80 West Drive – See Ravinder 905-450-7200
ਜਾਂ ਫੇਰ ਈ-ਮੇਲ ਕਰੋ:
jbrown@dundasjafine.com
kkaur@dundasjafine.com

MICHELIN Hankook Continental ROADLUX BFGoodrich AEOLUS
BEST TRUCK REPAIR & TIRE CENTRE
We also Specialize in Engine, Transmission, Differential Rebuild, Safety Inspection & All Kinds of Electric Work
ਟਰੱਕਾਂ ਦੇ ਟਾਇਰਾਂ ਤੇ ਇੰਜਣ /ਬੰਕ ਹੀਟਰ ਤੇ ਭਾਰੀ ਸੇਲ
7 ਦਿਨ ਖੁੱਲਾ
SPECIAL ON TRUCK ALIGNMENT
BRAND NEW MACHINES 2018
Brake & Drum -Made in U.S - On Special Sale!
Special Sale 4 CAT Batteries $550 with Installation
Special Sale on Smartway Approved Tires $245 each
www.besttruckrepairandtire.ca | Email: ranjitbesttruck@yahoo.ca
Winter Sale Dhamaka
Chevron Delo
Special OIL CHANGE Rates
1715 Sismet Rd, Mississauga | Call Ranjit: 416.624.8351 | Tel: 905.625.0055

## ਪ੍ਰਧਾਨ ਮੰਤਰੀ ਕਿਸਾਨ ਯੋਜਨਾ ਦਾ ਲਾਭ ਛੋਟੇ ਕਿਸਾਨਾਂ ਨੂੰ ਮਿਲੇਗਾ

ਨਵੀਂ ਦਿੱਲੀ, 6 ਫਰਵਰੀ (ਪੋਸਟ ਬਿਊਰੋ)- ਕੇਂਦਰ ਸਰਕਾਰ ਨੇ ਪ੍ਰਧਾਨ ਮੰਤਰੀ ਕਿਸਾਨ ਸਨਮਾਨ ਨਿਧੀ ਯੋਜਨਾ (ਪੀ ਐਮ-ਕਿਸਾਨ) ਦੇ ਲਾਭ ਪਾਤਰੀਆਂ ਲਈ ਗਾਈਡਲਾਈਨ ਬਣਾ ਦਿੱਤੀ ਹੈ। ਇਸ ਹੇਠ ਸਿਰਫ ਉਨ੍ਹਾਂ ਕਿਸਾਨਾਂ ਨੂੰ ਇਸ ਦਾ ਲਾਭ ਮਿਲੇਗਾ, ਜਿਨ੍ਹਾਂ ਦੇ ਨਾਂ ਇਕ ਫਰਵਰੀ ਤੋਂ ਪਹਿਲਾਂ ਦੋ ਹੈਕਟੇਅਰ ਤੋਂ ਘੱਟ ਜ਼ਮੀਨ ਦਰਜ ਹੋਵੇਗੀ।

ਵਰਨਣ ਯੋਗ ਹੈ ਕਿ ਅੰਤਰਿਮ ਬਜਟ 'ਚ ਕੇਂਦਰ ਸਰਕਾਰ ਨੇ ਦੇਸ਼ ਦੇ 12.5 ਕਰੋੜ ਛੋਟੇ ਤੇ ਸੀਮਾਂਤ ਕਿਸਾਨਾਂ ਨੂੰ ਪੀ ਐਮ ਕਿਸਾਨ ਯੋਜਨਾ ਹੇਠ ਹਰ ਸਾਲ 6000 ਰੁਪਏ ਸਿੱਧੀ ਆਮਦਨ ਮਦਦ ਦੇਣ ਦਾ ਐਲਾਨ ਕੀਤਾ ਹੈ। ਖੇਤੀਬਾੜੀ ਵਿਭਾਗ ਦੇ ਸੈਕਟਰੀ ਵੱਲੋਂ ਰਾਜਾਂ ਨੂੰ ਭੇਜੇ ਗਏ ਪੱਤਰ ਮੁਤਾਬਕ ਜੇ ਖੇਤੀ ਦੀ ਜ਼ਮੀਨ ਦੀ ਮਾਲਕੀ ਟਰਾਂਸਫਰ ਹੁੰਦੀ ਹੈ ਤਾਂ ਯੋਜਨਾ ਦਾ ਲਾਭ ਨਵੇਂ ਜ਼ਮੀਨ ਮਾਲਕ ਨੂੰ ਮਿਲੇਗਾ, ਪਰ ਜੇ ਇਹ ਜ਼ਮੀਨ ਅਗਲੇ ਪੰਜ ਸਾਲਾਂ ਵਿੱਚ ਕਿਸੇ ਨੂੰ ਵੇਚੀ ਗਈ ਤਾਂ ਨਵੇਂ ਜ਼ਮੀਨ ਮਾਲਕ ਨੂੰ ਇਸ ਦਾ ਲਾਭ ਨਹੀਂ ਮਿਲੇਗਾ। ਇਸ ਪੱਤਰ 'ਚ ਸਾਰੇ ਸੂਬਿਆਂ ਤੇ ਕੇਂਦਰ ਸ਼ਾਸਿਤ ਪ੍ਰਦੇਸ਼ਾਂ ਤੋਂ ਲਾਭ ਪਾਤਰੀਆਂ ਦੀ ਪਛਾਣ ਕਰਨ ਤੇ ਕਿਸਾਨਾਂ ਨੂੰ ਲਾਭ ਦੀ ਤੁਰੰਤ ਵੰਡ ਦੀ ਸਹੂਲਤ ਯਕੀਨੀ ਕਰਨ ਨੂੰ ਕਿਹਾ ਗਿਆ ਹੈ। ਇਸ ਯੋਜਨਾ ਹੇਠ 2000 ਰੁਪਏ ਦੀ ਪਹਿਲੀ ਕਿਸ਼ਤ ਪਾਉਣ ਲਈ ਕਿਸਾਨਾਂ ਨੂੰ ਆਧਾਰ ਕਾਰਡ ਦੀ ਲੋੜ ਨਹੀਂ ਹੋਵੇਗੀ, ਪਰ ਬਾਅਦ 'ਚ ਯੋਜਨਾ ਦਾ ਲਾਭ ਲੈਣ ਲਈ ਇਹ ਜ਼ਰੂਰੀ ਹੋਵੇਗਾ। ਇਸ ਪੱਤਰ 'ਚ ਕਿਸਾਨ ਭਾਈਚਾਰੇ ਦੇ ਸਭ ਤੋਂ ਕਮਜ਼ੋਰ ਵਰਗਾਂ ਨੂੰ ਸੁਰੱਖਿਆ ਦੇਣ ਲਈ ਤੱਤਕਾਲ ਇਕ ਤੰਤਰ ਬਣਾਉਣ ਦੀ ਲੋੜ 'ਤੇ ਜ਼ੋਰ ਦਿੱਤਾ ਗਿਆ ਹੈ।

### ਕਿਸਾਨਾਂ ਨੇ ਸੁਖਬੀਰ ਨੂੰ ਕਿਹਾ

## ਆਪਣੀ ਪਾਰਟੀ ਵੱਲੋਂ ਚੋਣ ਲੜਨ ਵਾਲੇ ਖੰਡ ਮਿੱਲ ਮਾਲਕ ਵੀ ਪੈਸੇ ਨਹੀਂ ਦੇ ਰਹੇ ਬਾਦਲ ਸਾਬ੍ਹ

ਜਲੰਧਰ, 6 ਫਰਵਰੀ (ਪੋਸਟ ਬਿਊਰੋ)- ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਵੱਲੋਂ ਕੱਲ੍ਹ ਵਿਧਾਇਕ ਪਵਨ ਕੁਮਾਰ ਟੀਨੂੰ ਦੇ ਆਦਮਪੁਰ ਹਲਕੇ ਵਿੱਚ ਪਾਰਟੀ ਵਰਕਰਾਂ ਨਾਲ ਮੀਟਿੰਗ ਵਿੱਚ ਕਿਸਾਨਾਂ ਨੇ ਗੰਨੇ ਦੀ ਬਕਾਇਆ ਪੇਮੈਂਟ ਦੇ ਭੁਗਤਾਨ ਦਾ ਮੁੱਦਾ ਵਿਧਾਨ ਸਭਾ ਵਿੱਚ ਚੁੱਕਣ ਦੀ ਮੰਗ ਕੀਤੀ। ਉਨ੍ਹਾਂ ਨੇ ਆਲੂ ਦੀ ਬਰਬਾਦ ਹੋਈ ਫਸਲ 'ਤੇ ਸਰਕਾਰ ਤੋਂ ਮੁਆਵਜ਼ਾ ਨਾ ਮਿਲਣ ਦੀ ਗੱਲ ਵੀ ਕਹੀ। ਸੁਖਬੀਰ ਸਿੰਘ ਬਾਦਲ ਨੇ ਦੱਸਿਆ ਕਿ ਵਿਧਾਨ ਸਭਾ ਵਿੱਚ ਉਹ ਇਨ੍ਹਾਂ ਸਭ ਮੁੱਦਿਆਂ 'ਤੇ ਸਰਕਾਰ ਨੂੰ ਘੇਰਨਗੇ। ਇਸੇ ਦੌਰਾਨ ਇੱਕ ਕਿਸਾਨ ਨੇ ਟੋਕਦੇ ਹੋਏ ਕਿਹਾ



ਕਿ ਪੂਰੇ ਪੰਜਾਬ ਵਿੱਚ ਪ੍ਰਾਈਵੇਟ ਮਿੱਲਾਂ ਵਾਲੇ ਗੰਨਾ ਕਿਸਾਨਾਂ ਦੀ ਪੇਮੈਂਟ ਰੋਕ ਕੇ ਬੈਠੇ ਹਨ ਤਾਂ ਅਕਾਲੀ ਟਿਕਟ 'ਤੇ ਨਵਾਂ ਸ਼ਹਿਰ ਤੋਂ ਚੋਣ ਲੜਨ ਵਾਲੇ ਨੇਤਾ ਸਭ ਤੋਂ ਵੱਧ ਕਿਸਾਨਾਂ ਨੂੰ ਪ੍ਰੇਸ਼ਾਨ ਕਰਦੇ ਹਨ। ਇਸ 'ਤੇ ਸੁਖਬੀਰ ਸਿੰਘ ਬਾਦਲ ਨੇ ਕਿਹਾ ਕਿ ਸਰਕਾਰ ਨੂੰ ਸਖਤ ਐਕਸ਼ਨ ਲੈਣਾ ਚਾਹੀਦਾ ਅਤੇ ਪੇਮੈਂਟ ਜਾਰੀ ਨਾ ਕਰਨ ਵਾਲਿਆਂ 'ਤੇ ਪਰਚਾ ਦਰਜ ਕਰਨਾ ਚਾਹੀਦਾ ਹੈ। ਇੱਕ ਹੋਰ ਵਿਅਕਤੀ ਨੇ ਕਿਹਾ ਕਿ ਇਸ ਆਗੂ ਨੂੰ ਟਕਸਾਲੀਆਂ ਵਿੱਚ ਸ਼ਾਮਲ ਹੋਣ ਲਈ ਭੇਜ ਦੇਣਾ ਚਾਹੀਦਾ ਹੈ।

ਵਰਨਣ ਯੋਗ ਹੈ ਕਿ ਫਗਵਾੜਾ ਖੰਡ ਮਿੱਲ ਦੇ ਮਾਲਕ ਜਰਨੈਲ ਸਿੰਘ ਵਾਹਿਦ ਨੇ ਨਵਾਂ ਸ਼ਹਿਰ ਤੋਂ ਅਕਾਲੀ ਟਿਕਟ ਉੱਤੇ ਚੋਣ ਲੜੀ ਸੀ। ਕੱਲ੍ਹ ਦੇ ਪੂਰੇ ਇਵੈਂਟ ਵਿੱਚ ਸੁਖਬੀਰ ਸਿੰਘ ਬਾਦਲ ਨੇ ਪਾਰਟੀ ਵਰਕਰਾਂ ਦੇ ਨਾਲ ਖੂਬ ਫੋਟੋ ਸੈਸ਼ਨ ਕਰਾਇਆ ਅਤੇ ਕਿਸੇ ਵੀ ਵਰਕਰ ਨੂੰ ਫੋਟੋ ਦੇ ਲਈ ਮਨ੍ਹਾ ਨਹੀਂ ਕੀਤਾ।

ਦੂਸਰੇ ਪਾਸੇ ਕੱਲ੍ਹ ਹੀ ਵਿਰੋਧੀ ਧਿਰ ਦੇ ਨੇਤਾ ਹਰਪਾਲ ਸਿੰਘ ਚੀਮਾ ਨੇ ਮੰਗ ਕੀਤੀ ਕਿ ਸਰਕਾਰ ਗੰਨਾ ਕਿਸਾਨਾਂ ਦੇ ਖੰਡ ਮਿੱਲਾਂ ਵੱਲ ਲੰਬੇ ਸਮੇਂ ਤੋਂ ਚਲੇ ਆ ਰਹੇ ਹਜ਼ਾਰਾਂ ਕਰੋੜ ਦੇ ਬਕਾਏ ਦਾ ਜਲਦੀ ਭੁਗਤਾਨ ਕਰਵਾਏ। ਇਸ ਵਾਰ ਵੀ ਕਿਸਾਨਾਂ ਤੋਂ ਉਨ੍ਹਾਂ ਦੀ ਫਸਲ ਲੈ ਲਈ ਗਈ, ਪਰ ਕੀਮਤ ਨਹੀਂ ਦਿੱਤੀ ਗਈ। ਕਿਸਾਨਾਂ ਦਾ ਹਜ਼ਾਰਾਂ ਕਰੋੜ ਰੁਪਏ ਮਿੱਲਾਂ ਵੱਲ ਬਕਾਇਆ ਹੋ ਗਿਆ ਹੈ। ਹਾਲਾਤ ਇਹ ਹਨ ਕਿ ਮਿੱਲਾਂ ਵੱਲੋਂ ਕਿਸਾਨਾਂ ਨੂੰ ਉਨ੍ਹਾਂ ਦੀ ਫਸਲ ਦੀ ਪਰਚੀ ਨਹੀਂ ਦਿੱਤੀ ਜਾ ਰਹੀ ਹੈ, ਜਿਸ ਕਾਰਨ ਉਹ 200 ਰੁਪਏ ਪ੍ਰਤੀ ਕੁਇੰਟਲ ਦੇ ਹਿਸਾਬ ਨਾਲ ਵੇਚਣ ਨੂੰ ਮਜਬੂਰ ਹਨ। ਇਸ ਰੇਟ ਨਾਲ ਫਸਲ ਦੀ ਢੁਆਈ ਅਤੇ ਮਜ਼ਦੂਰੀ ਦਾ ਖਰਚ ਵੀ ਪੂਰਾ ਨਹੀਂ ਹੁੰਦਾ।

## ਕੁਰੈਸ਼ੀ ਬ੍ਰਿਟਿਸ਼ ਮੰਤਰੀਆਂ ਨਾਲ ਗੈਰ ਰਸਮੀ ਮੁਲਾਕਾਤ ਵੀ ਨਹੀਂ ਕਰ ਸਕੇ

